Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 119 Thursday, June 25, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਓਨਟਾਰੀਓ ਨੇ ਸਟੇਟ ਆਫ ਐਮਰਜੰਸੀ ਵਿਚ 15 ਜੁਲਾਈ ਤੱਕ ਕੀਤਾ ਵਾਧਾ

## ਫੋਰਡ ਨੂੰ ਇਹ ਵਾਧਾ ਆਖਰੀ ਹੋਣ ਦੀ ਆਸ



ਓਨਟਾਰੀਓ, 24 ਜੂਨ (ਪੋਸਟ ਬਿਊਰੋ) : ਓਨਟਾਰੀਓ ਨੇ ਸਟੇਟ ਆਫ ਐਮਰਜੰਸੀ ਵਿੱਚ ਇੱਕ ਵਾਰੀ ਫਿਰ 15 ਜੁਲਾਈ ਤੱਕ ਵਾਧਾ ਕੀਤਾ ਹੈ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਸ ਵਾਰੀ ਵਾਲਾ ਵਾਧਾ ਆਖਰੀ ਵਾਧਾ ਹੋਵੇਗਾ। ਇਹ ਮਤਾ ਅੱਜ ਸਵੇਰੇ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਸਟੇਟ ਆਫ ਐਮਰਜੰਸੀ ਤਹਿਤ ਕੀਤੇ ਗਏ ਕਈ ਐਮਰਜੰਸੀ ਆਰਡਰ 15 ਜੁਲਾਈ ਤੋਂ ਬਾਅਦ ਵੀ ਜਾਰੀ ਰਹਿਣਗੇ। ਇਨ੍ਹਾਂ ਵਿੱਚ ਵੱਡੇ ਇੱਕਠਾਂ ਉੱਤੇ ਲਾਈ ਗਈ ਪਾਬੰਦੀ ਵੀ ਸ਼ਾਮਲ ਹੈ।

ਇੱਕ ਵਾਰੀ ਸਟੇਟ ਆਫ ਐਮਰਜੰਸੀ ਮੁੱਕਣ ਤੋਂ ਬਾਅਦ ਪ੍ਰੋਵਿੰਸ ਨਵੇਂ ਐਮਰਜੰਸੀ ਆਰਡਰਜ਼ ਜਾਰੀ ਨਹੀਂ ਕਰ ਸਕੇਗੀ, ਨਾ ਹੀ ਉਨ੍ਹਾਂ ਵਿੱਚ ਕੋਈ ਸੋਧ ਹੋ ਸਕੇਗੀ, ਨਾ ਹੀ ਪੁਰਾਣੇ ਵਾਲੇ ਹੁਕਮਾਂ ਨੂੰ ਮੁੜ ਲਾਗੂ ਕਰ ਸਕੇਗੀ। ਜਿਹੜੇ ਮੌਜੂਦਾ ਹੁਕਮ ਹੋਣਗੇ ਉਨ੍ਹਾਂ ਵਿੱਚ ਵਾਧਾ ਕੀਤਾ ਜਾ ਸਕੇਗਾ। ਹੈਲਥ ਪ੍ਰੋਟੈਕਸ਼ਨ ਐਂਡ ਪ੍ਰਮੋਸ਼ਨ ਐਕਟ ਤਹਿਤ ਲੋਕਲ ਮੈਡੀਕਲ ਆਫੀਸਰਜ਼ ਆਫ ਹੈਲਥ ਕੋਲ ਫਿਰ ਵੀ ਕਈ ਸ਼ਕਤੀਆਂ ਹੋਣਗੀਆਂ। ਜਿਵੇਂ ਕਿ ਕਮਰਸ਼ੀਅਲ ਅਦਾਰਿਆਂ ਵਿੱਚ ਮਾਸਕਸ ਦੀ ਵਰਤੋਂ ਕਰਨ ਸਬੰਧੀ ਹੁਕਮਾਂ ਨੂੰ ਜਾਰੀ ਰੱਖਣ ਲਈ ਕਹਿਣਾ।

ਟੋਰਾਂਟੋ ਤੇ ਪੀਲ ਅੱਜ ਕੋਵਿਡ-19 ਸਬੰਧੀ ਰਿਕਵਰੀ ਯੋਜਨਾ ਦੇ ਦੂਜੇ ਪੜਾਅ ਵਿੱਚ ਦਾਖਲ ਹੋਣਗੇ। ਓਨਟਾਰੀਓ ਦੇ ਦੋ ਸੱਭ ਤੋਂ ਵੱਧ ਆਬਾਦੀ ਵਾਲੇ ਰੀਜਨਜ਼ ਵਿੱਚ ਕਈ ਕਾਰੋਬਾਰਾਂ ਦੇ ਖੁੱਲ੍ਹਣ ਦੀ ਸੰਭਾਵਨਾ ਹੈ। ਹੁਣ ਇਹ ਦੋਵੇਂ ਰੀਜਨ ਵੀ ਪਿਛਲੇ ਹਫਤੇ ਤੋਂ ਦੂਜੇ ਪੜਾਅ ਵਿੱਚ ਪਹੁੰਚ ਚੁੱਕੇ ਹੋਰਨਾਂ ਰੀਜਨਜ਼ ਵਾਂਗ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰ ਸਕਣਗੇ। ਵਿੰਡਸਰ ਐਸੈਕਸ ਹੀ ਅਜਿਹਾ ਰੀਜਨ ਬਚਿਆ ਹੈ ਜਿਸ ਨੂੰ ਅਗਲੇ ਪੜਾਅ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਇਲਾਕੇ ਦੇ ਕਈ ਫਾਰਮਾਂ ਵਿੱਚ ਅਜੇ ਵੀ ਕੋਵਿਡ-19 ਦੇ ਕਈ ਮਾਮਲੇ ਹਨ।

ਟੋਰਾਂਟੋ ਤੇ ਪੀਲ ਵਿੱਚ ਜਿਨ੍ਹਾਂ ਕਾਰੋਬਾਰਾਂ ਨੂੰ ਅੱਜ ਖੋਲ੍ਹਣ ਦੀ ਇਜਾਜ਼ਤ ਦਿੱਤੀ ਗਈ ਹੈ ਉਨ੍ਹਾਂ ਵਿੱਚ ਹੇਅਰ ਸਟਾਈਲਿਸਟ, ਪੂਲਜ਼ ਤੇ ਟੂਰ ਗਾਈਡ ਸੇਵਾਵਾਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਰੈਸਟੋਰੈਂਟਸ ਵੀ ਆਪਣੇ ਪੈਟੀਓਜ਼ ਵਿੱਚ ਡਾਈਨ ਇਨ ਸੇਵਾਵਾਂ ਸ਼ੁਰੂ ਕਰ ਸਕਣਗੇ, ਹਾਲਾਂਕਿ ਰੈਸਟੋਰੈਂਟਸ ਆਦਿ ਨੂੰ ਇੰਡੋਰ ਸੇਵਾਵਾਂ ਸ਼ੁਰੂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ।

ਓਨਟਾਰੀਓ ਸਰਕਾਰ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਕਿਸੇ ਵੀ ਮਾਮਲੇ ਵਿੱਚ ਫਿਜ਼ੀਕਲ ਡਿਸਟੈਂਸਿੰਗ ਸਬੰਧੀ ਮਾਪਦੰਡ ਅਪਣਾਏ ਜਾਣੇ ਜ਼ਰੂਰੀ ਹਨ। ਅਜਿਹਾ ਸਰਕਾਰ ਵੱਲੋਂ ਕੋਵਿਡ-19 ਮਾਮਲਿਆਂ ਵਿੱਚ ਹੋ ਰਹੇ ਪਸਾਰ ਨੂੰ ਰੋਕਣ ਲਈ ਕੀਤਾ ਗਿਆ ਹੈ।

# ਟੋਰਾਂਟੋ ਬਲੂ ਜੇਅਜ਼ ਦੇ ਕਈ ਖਿਡਾਰੀ ਤੇ ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ




ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਟੋਰਾਂਟੋ ਬਲੂ ਜੇਅਜ਼ ਦੇ ਕੁੱਝ ਖਿਡਾਰੀਆਂ ਸਮੇਤ ਸਟਾਫ ਦੇ ਮੈਂਬਰ ਵੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਇਸ ਗੱਲ ਦੀ ਪੁਸ਼ਟੀ ਟੀਐਸਐਨ ਵੱਲੋਂ ਕੀਤੀ ਗਈ ਹੈ।

ਬਲੂ ਜੇਅਜ਼ ਨੇ ਡਿਊਨਡਿਨ, ਫਲੋਰਿਡਾ ਵਿੱਚ ਆਪਣੇ ਬਹਾਰ ਵਾਲੇ ਟਰੇਨਿੰਗ ਕਾਂਪਲੈਕਸ ਨੂੰ ਬੰਦ ਕਰ ਦਿੱਤਾ ਜਦੋਂ ਇੱਕ ਖਿਡਾਰੀ ਵਿੱਚ ਨੋਵਲ ਕਰੋਨਾਵਾਇਰਸ ਦੇ ਲੱਛਣ ਪਾਏ ਗਏ। ਬਲੂ ਜੇਅਜ਼ ਨੇ ਆਖਿਆ ਕਿ ਉਨ੍ਹਾਂ ਦੇ ਕੈਂਪ ਉੱਤੇ ਜਿੰਨੇ ਵੀ ਕਰਮਚਾਰੀ ਸਨ ਉਨ੍ਹਾਂ ਦੀ ਵੀ ਟੈਸਟਿੰਗ ਹੋਈ ਹੈ। ਕਲੱਬ ਨੇ ਆਖਿਆ ਕਿ ਉਨ੍ਹਾਂ ਦੀ ਮੈਡੀਕਲ ਟੀਮ ਤੇ ਮੇਜਰ ਲੀਗ ਬੇਸਬਾਲ (ਐਮਐਲਬੀ) ਵੱਲੋਂ ਕਾਇਮ ਕੀਤੀਆਂ ਪ੍ਰੋਟੋਕਾਲਜ਼ ਦਾ ਉਹ ਧਿਆਨ ਰੱਖ ਰਹੇ ਹਨ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿਹੜਾ ਖਿਡਾਰੀ ਜਾਂ ਸਟਾਫ ਮੈਂਬਰ ਪਾਜ਼ੀਟਿਵ ਪਾਏ ਗਏ ਹਨ। ਮੰਗਲਵਾਰ ਨੂੰ ਐਮਐਲਬੀ ਨੇ 23 ਜੁਲਾਈ ਤੇ 24 ਜੁਲਾਈ ਤੋਂ ਸ਼ੁਰੂ ਹੋਣ ਜਾ ਰਹੇ 60 ਗੇਮ ਦੇ ਸ਼ਡਿਊਲ ਨੂੰ ਜਾਰੀ ਕੀਤਾ ਸੀ। ਲੀਗ ਕੋਵਿਡ-19 ਮਹਾਂਮਾਰੀ ਦੌਰਾਨ ਸਰਗਰਮੀ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ। ਫਿਲਾਡੈਲਫੀਆ ਫਿਲੀਜ਼ ਦੇ ਵੀ ਘੱਟੋ ਘੱਟ ਸੱਤ ਖਿਡਾਰੀ ਪਾਜ਼ੀਟਿਵ ਆਏ ਹਨ ਤੇ ਕੋਲੋਰਾਡੋ ਰੌਕੀਜ਼ ਦੇ ਇੱਕ ਖਿਡਾਰੀ ਦਾ ਕਰੋਨਾਵਾਇਰਸ ਸਬੰਧੀ ਟੈਸਟ ਪਾਜ਼ੀਟਿਵ ਆਇਆ ਹੈ।

# ਐਨਡੀਪੀ ਐਮਪੀਪੀ ਨੇ ਵਿਧਾਨਸਭਾ ਵਿੱਚ ਫੋਰਡ ਨੂੰ ਕੱਢੀਆਂ ਗਾਲ੍ਹਾਂ



ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਕੋਵਿਡ-19 ਦੇ ਜ਼ਿਆਦਾ ਮਾਮਲਿਆਂ ਕਾਰਨ ਵਿੰਡਸਰ-ਐਸੈਕਸ ਨੂੰ ਬੰਦ ਰੱਖਣ ਦੇ ਫੈਸਲੇ ਤੋਂ ਬਾਅਦ ਪੈਦਾ ਹੋਇਆ ਤਣਾਅ ਬੁੱਧਵਾਰ ਨੂੰ ਓਨਟਾਰੀਓ ਦੀ ਵਿਧਾਨਸਭਾ ਵਿੱਚ ਸਾਫ ਨਜ਼ਰ ਆਇਆ। ਐਨਡੀਪੀ ਐਮਪੀਪੀ ਨੇ ਆਪਣੇ ਅੰਦਰ ਭਰੇ ਗੁੱਬ-ਗੁਬਾਹਟ ਕਾਰਨ ਪ੍ਰੀਮੀਅਰ ਡੱਗ ਫੋਰਡ ਨੂੰ ਗਾਲਾਂ ਤੱਕ ਕੱਢ ਦਿੱਤੀਆਂ।

ਐਸੈਕਸ ਤੋਂ ਐਮਪੀਪੀ ਤਾਰਸ ਨੇਤੀਸ਼ੈਕ, ਐਸੈਕਸ ਨੂੰ ਅਜੇ ਹੋਰ ਸਮੇਂ ਲਈ ਬੰਦ ਰੱਖੇ ਜਾਣ ਕਾਰਨ ਰੀਜਨ ਦੇ ਅਰਥਚਾਰੇ ਉੱਤੇ ਪੈਣ ਵਾਲੇ ਨਕਾਰਾਤਮਕ ਅਸਰ ਦੇ ਮੁੱਦੇ ਉੱਤੇ ਚੱਲ ਰਹੀ ਬਹਿਸ ਦੌਰਾਨ ਖੁਦ ਉੱਤੇ ਕਾਬੂ ਨਹੀਂ ਰੱਖ ਪਾਏ ਤੇ ਉਨ੍ਹਾਂ ਫੋਰਡ ਨੂੰ ਗਾਲਾਂ ਕੱਢ ਦਿੱਤੀਆਂ। ਇੱਥੇ ਦੱਸਣਾ ਬਣਦਾ ਹੈ ਕਿ ਪ੍ਰੋਵਿੰਸ ਦੇ ਰੀਓਪਨਿੰਗ ਪਲੈਨ ਵਿੱਚ ਐਜੈਕਸ ਹੀ ਅਜਿਹਾ ਰੀਜਨ ਰਹਿ ਗਿਆ ਹੈ ਜਿਹੜਾ ਅਜੇ ਵੀ ਪਹਿਲੇ ਪੜਾਅ ਵਿੱਚ ਹੀ ਹੈ।

ਨੇਤੀਸ਼ੈਕ ਨੇ ਆਖਿਆ ਕਿ ਸਾਡੇ ਰੀਜਨ ਵਿੱਚ ਹੋਰਨਾਂ ਥਾਂਵਾਂ ਨਾਲੋਂ ਮਹਾਂਮਾਰੀ ਦੀ ਮਾਰ ਜ਼ਿਆਦਾ ਵਗੀ ਹੈ ਤੇ ਪ੍ਰੋਵਿੰਸ ਪੱਧਰ ਉੱਤੇ ਲੀਡਰਸ਼ਿਪ ਦੀ ਘਾਟ ਦੇ ਬਾਵਜੂਦ ਅਸੀਂ ਕਿਸੇ ਤਰ੍ਹਾਂ ਮਹਿਫੂਜ਼ ਹਾਂ। ਉਨ੍ਹਾਂ ਅੱਗੇ ਆਖਿਆ ਕਿ ਇੱਕ ਚੰਗਾ ਆਗੂ ਕਿਸੇ ਨੂੰ ਵੀ ਪਿੱਛੇ ਨਹੀਂ ਛੱਡਦਾ। ਇਸ ਆਲੋਚਨਾ ਉੱਤੇ ਤੁਰੰਤ ਪ੍ਰਤੀਕਿਰਿਆ ਕਰਦਿਆਂ ਪ੍ਰੀਮੀਅਰ ਫੋਰਡ ਨੇ ਪਲਟਵਾਰ ਕਰਦਿਆਂ ਆਖਿਆ ਕਿ ਨੇਤੀਸ਼ੈਕ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਸਹੀ ਢੰਗ ਨਾਲ ਨਹੀਂ ਕਰ ਰਹੇ।

ਇਸ ਤੋਂ ਬਾਅਦ ਵਿਧਾਨਸਭਾ ਵਿੱਚ ਮਾਹੌਲ ਤਣਾਅਪੂਰਨ ਹੋ ਗਿਆ। ਨੇਤੀਸ਼ੈਕ ਆਪਣੇ ਗੁੱਸੇ ਉੱਤੇ ਕਾਬੂ ਨਹੀਂ ਰੱਖ ਸਕੇ ਤੇ ਉਨ੍ਹਾਂ ਗਾਲਾਂ ਕੱਢ ਦਿੱਤੀਆਂ। ਪਰ ਸਪੀਕਰ ਟੈਡ ਆਰਨੌਟ ਵੱਲੋਂ ਇਨ੍ਹਾਂ ਟਿੱਪਣੀਆਂ ਨੂੰ ਵਾਪਿਸ ਲੈਣ ਲਈ ਆਖੇ ਜਾਣ ਤੋਂ ਬਾਅਦ ਨੇਤੀਸ਼ੈਕ ਨੇ ਅਜਿਹਾ ਹੀ ਕੀਤਾ ਪਰ ਉਨ੍ਹਾਂ ਮੁਆਫੀ ਨਹੀਂ ਮੰਗੀ। ਪਰ ਬਾਅਦ ਵਿੱਚ ਐਨਡੀਪੀ ਆਗੂ ਐਂਡਰੀਆ ਹੌਰਵਥ ਨਾਲ ਪਹੁੰਚ ਕਰਕੇ ਨੇਤੀਸ਼ੈਕ ਨੇ ਪ੍ਰੀਮੀਅਰ ਫੋਰਡ ਤੋਂ ਮੁਆਫੀ ਮੰਗੀ।

ਬਾਅਦ ਵਿੱਚ ਫੋਰਡ ਨੇ ਵੀ ਆਖਿਆ ਕਿ ਉਨ੍ਹਾਂ ਨੇਤੀਸ਼ੈਕ ਨੂੰ ਮੁਆਫ ਕਰ ਦਿੱਤਾ ਹੈ। ਫਿਰ ਪ੍ਰੀਮੀਅਰ ਨੇ ਆਪਣੀ ਨਿਊਜ਼ ਕਾਨਫਰੰਸ ਵਿੱਚ ਐਲਾਨ ਕੀਤਾ ਕਿ ਲੈਮਿੰਗਟਨ ਤੇ ਕਿੰਗਸਵਿਲੇ ਨੂੰ ਛਡ ਕੇ ਵਿੰਡਸਰ-ਐਸੈਕਸ ਵੀਰਵਾਰ ਤੋਂ ਦੂਜੇ ਪੜਾਅ ਵਿੱਚ ਦਾਖਲ ਹੋਵੇਗਾ।

# ਕਾਉਸਲਰ ਜਿੰਮ ਕੈਰੀਯਾਨਿਸ ਨੂੰ ਮੁੜ ਆਪਣੀ ਸੀਟ ਤੋਂ ਧੋਣੇ ਪਏ ਹੱਥ



ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਇੱਕ ਵਾਰੀ ਫਿਰ ਟੋਰਾਂਟੋ ਦੇ ਕਾਊਂਸਲਰ ਜਿੰਮ ਕੈਰੀਯਾਨਿਸ ਨੂੰ ਆਪਣੀ ਸੀਟ ਤੋਂ ਹੱਥ ਧੋਣੇ ਪੈ ਗਏ ਹਨ। ਕੈਰੀਯਾਨਿਸ ਉੱਤੇ ਚੋਣਾਂ ਦੌਰਾਨ ਗਲਤ ਢੰਗ ਨਾਲ ਕੀਤੇ ਗਏ ਖਰਚੇ ਦੇ ਦੋਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਹਾਲ ਕਰਨ ਦੇ ਦਿੱਤੇ ਗਏ ਫੈਸਲੇ ਨੂੰ ਕੋਰਟ ਆਫ ਅਪੀਲ ਨੇ ਪਲਟ ਦਿੱਤਾ।

ਸਿਟੀ ਆਫ ਟੋਰਾਂਟੋ ਅਨੁਸਾਰ ਕੈਰੀਯਾਨਿਸ ਦੇ 2018 ਦੀਆਂ ਚੋਣਾਂ ਬਾਰੇ ਦਿੱਤੇ ਵਿੱਤੀ ਬਿਆਨ ਵਿੱਚ ਇਹ ਸਪਸ਼ਟ ਨਜ਼ਰ ਆ ਰਿਹਾ ਸੀ ਕਿ ਉਨ੍ਹਾਂ ਨੇ ਖਰਚੇ ਲਈ ਮਿਥੀ ਗਈ ਰਕਮ ਨਾਲੋਂ 25000 ਡਾਲਰ ਵੱਧ ਖਰਚਿਆ ਸੀ। ਇਸ ਲਈ ਉਨ੍ਹਾਂ ਨੂੰ ਪਿਛਲੇ ਸਾਲ ਨਵੰਬਰ ਵਿੱਚ ਵਾਰਡ ਨੰਬਰ 22 ਦੇ ਕਾਊਂਸਲਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

ਪਰ ਕੈਰੀਯਾਨਿਸ ਨੇ ਇਹ ਤਰਕ ਦਿੱਤਾ ਸੀ ਕਿ ਇਹ ਪੇਪਰਵਰਕ ਵਿੱਚ ਕਲੈਰੀਕਲ ਤਰੁੱਟੀ ਸੀ। ਇਸ ਦੇ ਮੱਦੇਨਜਰ ਉੱਚ ਅਦਾਲਤ ਦੇ ਜੱਜ ਨੇ ਉਨ੍ਹਾਂ ਨੂੰ ਸ਼ੱਕ ਦੀ ਬਿਨਾਹ ਦਾ ਫਾਇਦਾ ਦਿੰਦਿਆਂ ਇਹ ਫੈਸਲਾ ਸੁਣਾਇਆ ਸੀ ਕਿ ਕੈਰੀਯਾਨਿਸ ਨੂੰ ਇਸ ਗੱਲ ਦੀ ਐਨੀ ਵੱਡੀ ਸਜ਼ਾ ਦੇਣਾ ਸਹੀ ਨਹੀਂ ਹੋਵੇਗਾ ਜਦੋਂ ਕਿ ਗਲਤੀ ਬੇਪਰਵਾਹੀ ਕਾਰਨ ਹੋਈ ਹੈ।

ਜਿਸ ਟੋਰਾਂਟੋ ਵਾਸੀ ਐਡਮ ਸ਼ੈਲੇਫ ਨੇ ਕੈਰੀਯਾਨਿਸ ਦੇ ਚੋਣਾਂ ਵਿੱਚ ਖਰਚਿਆਂ ਦਾ ਆਡਿਟ ਕਰਵਾਉਣ ਦੀ ਬੇਨਤੀ ਕੀਤੀ ਸੀ, ਉਸ ਨੇ ਇਸ ਫੈਸਲੇ ਖਿਲਾਫ ਅਪੀਲ ਕਰ ਦਿੱਤੀ। ਇਸ ਲਈ ਇਹ ਤਰਕ ਦਿੱਤਾ ਗਿਆ ਕਿ ਕੈਰੀਯਾਨਿਸ ਨੂੰ ਉਨ੍ਹਾਂ ਦੀ ਸੀਟ ਉੱਤੇ ਬਹਾਲ ਕਰਨ ਦਾ ਅਧਿਕਾਰ ਉੱਚ ਅਦਾਲਤ ਕੋਲ ਨਹੀਂ ਹੈ। ਜੇ ਅਜਿਹਾ ਹੈ ਵੀ ਤਾਂ ਉਹ ਇਸ ਮਾਮਲੇ ਵਿੱਚ ਢੁਕਵਾਂ ਨਹੀਂ ਹੈ।

ਬੁੱਧਵਾਰ ਨੂੰ ਸੁਣਾਏ ਗਏ ਫੈਸਲੇ ਵਿੱਚ ਕੋਰਟ ਆਫ ਅਪੀਲ ਨੇ ਸ਼ੈਲੇਫ ਦਾ ਪੱਖ ਪੂਰਦਿਆਂ ਫੈਸਲਾ ਸੁਣਾਇਆ ਕਿ ਇਸ ਅਦਾਲਤ ਨੂੰ ਕਿਤੇ ਵੀ ਇਹ ਕਲੈਰੀਕਲ ਗਲਤੀ ਨਹੀਂ ਲੱਗੀ। ਕੋਰਟ ਆਫ ਅਪੀਲ ਨੇ ਆਖਿਰਕਾਰ ਕੈਰੀਯਾਨਿਸ ਨੂੰ ਆਫਿਸ ਤੋਂ ਹਟਾਉਣ ਦੀ ਸਜ਼ਾ ਸੁਣਾਈ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202
To Reach Wider Audience

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598







**FRESH & LARGE VARIETY**
**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਾਇਰੈਕਟਰ ਆਫ ਐਜੁਕੇਸ਼ਨ ਨੂੰ ਅਹੁਦੇ ਤੋਂ ਹਟਾਇਆ ਗਿਆ

ਓਨਟਾਰੀਓ, 24 ਜੂਨ (ਪੋਸਟ ਬਿਊਰੋ) : ਪੀਲ ਡਿਸਟ੍ਰਿਕਟ ਸਕੂਲ ਬੋਰਡ (ਪੀਡੀਐਸਬੀ) ਦੇ ਡਾਇਰੈਕਟਰ ਆਫ ਐਜੁਕੇਸ਼ਨ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਜਾਰੀ ਕੀਤੀ ਗਈ ਰਿਪੋਰਟ ਵਿੱਚ ਪਾਇਆ ਗਿਆ ਕਿ ਬੋਰਡ ਐਂਟੀ ਬਲੈਕ ਅਤੇ ਪੂਰੇ ਸਿਸਟਮ ਵਿੱਚ ਫੈਲੇ ਨਸਲਵਾਦ ਨੂੰ ਖਤਮ ਕਰਨ ਦੀ ਇੱਛਾਸ਼ਕਤੀ ਹੀ ਗੁਆ ਬੈਠਿਆ ਹੈ।



ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਕੱਲ੍ਹ ਇਸ ਦੀ ਪੁਸ਼ਟੀ ਕੀਤੀ ਗਈ ਕਿ ਪੀਡੀਐਸਬੀ ਦੇ ਸੁਪਰਡੈਂਟ ਵੱਲੋਂ ਬੋਰਡ ਦੇ ਡਾਇਰੈਕਟਰ ਪੀਟਰ ਜੋਸ਼ੂਆ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਹੁਣ ਬੋਰਡ ਲਈ ਨਵੀਂ ਲੀਡਰਸ਼ਿਪ ਦੀ ਭਾਲ ਕੀਤੀ ਜਾਵੇਗੀ ਤਾਂ ਕਿ ਨਸਲਵਾਦ ਦਾ ਸ਼ਿਕਾਰ ਬੱਚਿਆਂ ਲਈ ਕੁੱਝ ਬਿਹਤਰ ਕੀਤਾ ਜਾ ਸਕੇ। ਇਸ ਕਮਿਊਨਿਟੀ ਨਾਲ ਜੁੜੇ ਬੱਚਿਆਂ ਨੇ ਲੰਮੇਂ ਸਮੇਂ ਤੱਕ ਖੁਦ ਨੂੰ ਅਲੱਗ-ਥਲੱਗ ਮਹਿਸੂਸ ਕੀਤਾ ਹੈ ਤੇ ਲੰਮਾਂ ਸਮਾਂ ਉਨ੍ਹਾਂ ਨਾਲ ਵਿਤਕਰਾ ਹੁੰਦਾ ਰਿਹਾ।

ਸਿੱਖਿਆ ਮੰਤਰਾਲੇ ਦੇ ਸੁਪਰਵਾਈਜ਼ਰ ਬਰੂਸ ਰੌਡਰਿਗਜ਼ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਦੇ ਸਬੰਧ ਵਿੱਚ ਅੰਤਰਿਮ ਡਾਇਰੈਕਟਰ ਦੀ ਚੋਣ ਕੀਤੀ ਜਾਵੇਗੀ। ਲਿਚੇ ਨੇ ਆਖਿਆ ਕਿ ਇਸ ਸਬੰਧ ਵਿੱਚ ਲਗਾਤਾਰ ਮਿਲ ਰਹੀਆਂ ਰਿਪੋਰਟਾਂ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਅਜਿਹੇ ਬੱਚਿਆਂ ਲਈ ਕੁੱਝ ਖਾਸ ਨਹੀਂ ਸੀ ਕੀਤਾ ਜਾ ਰਿਹਾ ਤੇ ਉਹ ਆਪਣੇ ਹੀ ਸਕੂਲਾਂ ਵਿੱਚ ਨਸਲਵਾਦ ਦਾ ਸ਼ਿਕਾਰ ਹੋ ਰਹੇ ਸਨ। ਲਿਚੇ ਨੇ ਆਖਿਆ ਕਿ ਸਾਡੇ ਪ੍ਰੋਵਿੰਸ ਵਿੱਚ ਸਾਨੂੰ ਬਿਹਤਰ ਸਿਸਟਮ ਬਣਾਉਣਾ ਹੋਵੇਗਾ ਤੇ ਕਿਸੇ ਵੀ ਬੱਚੇ ਨੂੰ ਉਸ ਦੀ ਚਮੜੀ ਦੇ ਰੰਗ, ਉਸ ਦੇ ਧਰਮ ਜਾਂ ਉਸ ਦੀ ਮਾਨਤਾ ਦੇ ਅਧਾਰ ਉੱਤੇ ਅਲੱਗ-ਥਲੱਗ ਨਹੀ ਕੀਤਾ ਜਾ ਸਕਦਾ ਤੇ ਨਾ ਹੀ ਬੱਚੇ ਆਪਣੇ ਆਪ ਨੂੰ ਅਜਿਹੇ ਨਸਲਵਾਦ ਕਾਰਨ ਅਲੱਗ-ਥਲੱਗ ਮਹਿਸੂਸ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਐਂਟੀ ਬਲੈਕ ਨਸਲਵਾਦ ਖਿਲਾਫ ਬੋਰਡ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਮਗਰੋਂ ਨਵੰਬਰ 2019 ਵਿੱਚ ਲਿਚੇ ਵੱਲੋਂ ਪੀਡੀਐਸਬੀ ਦੇ ਮੁਲਾਂਕਣ ਦੇ ਨਿਰਦੇਸ਼ ਦਿੱਤੇ ਗਏ ਸਨ। 13 ਮਾਰਚ,2020 ਨੂੰ ਲੰਮੇਂ ਸਲਾਹ ਮਸ਼ਵਰੇ ਤੋਂ ਬਾਅਦ ਲਿਚੇ ਦੇ ਆਫਿਸ ਨੇ ਬੋਰਡ ਨੂੰ ਨਸਲਵਾਦ ਦੀ ਸਮੱਸਿਆ ਨਾਲ ਸਿੱਝਣ ਦੇ ਕਈ ਵਾਰੀ ਹੁਕਮ ਦਿੱਤੇ ਸਨ। ਪਰ ਇਸ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਉਂ ਬਣੀ ਰਹਿਣ ਤੋਂ ਬਾਅਦ ਸਿੱਖਿਆ ਮੰਤਰੀ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰ ਪਾਉਣ ਦੀ ਬੋਰਡ ਦੀ ਸਮਰੱਥਾ ਦੀ ਜਾਂਚ ਕਰਨ ਲਈ ਵਕੀਲ ਆਰਲੀਨ ਹਗਿੰਨਜ਼ ਦੀਆਂ ਸੇਵਾਵਾਂ ਲਈਆਂ ਗਈਆਂ। ਇਸ ਮਹੀਨੇ ਦੇ ਸ਼ੁਰੂ ਵਿੱਚ ਹਗਿੰਨਜ਼ ਵੱਲੋਂ ਜਾਰੀ ਰਿਪੋਰਟ ਵਿੱਚ ਆਖਿਆ ਗਿਆ ਕਿ ਲਿਚੇ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਤੋਂ ਬੋਰਡ ਅਸਮਰੱਥ ਰਿਹਾ ਹੈ।

# ਐਮੇਜ਼ੌਨ ਵੱਲੋਂ ਓਨਟਾਰੀਓ ਦੀਆਂ ਛੇ ਆਰਗੇਨਾਈਜ਼ੇਸ਼ਨਜ਼ ਨੂੰ 400,000 ਡਾਲਰ ਦੀ ਮਦਦ ਦੇਣ ਦਾ ਐਲਾਨ

ਓਨਟਾਰੀਓ, 24 ਜੂਨ (ਪੋਸਟ ਬਿਊਰੋ) : ਓਨਟਾਰੀਓ ਭਰ ਵਿੱਚ ਕਮਿਊਨਿਟੀਜ਼ ਦੀ ਮਦਦ ਕਰਨ ਵਾਲੀਆਂ ਛੇ ਆਰਗੇਨਾਈਜ਼ੇਸ਼ਨਜ਼ ਨੂੰ ਐਮੇਜ਼ੌਨ ਵੱਲੋਂ 400,000 ਡਾਲਰ ਦੇਣ ਦਾ ਐਲਾਨ ਕੀਤਾ ਗਿਆ ਹੈ। ਮਹਾਂਮਾਰੀ ਅਜੇ ਵੀ ਜਾਰੀ ਹੋਣ ਕਾਰਨ ਇਨ੍ਹਾਂ ਸੰਸਥਾਵਾਂ ਕੋਲੋਂ ਲੋਕਾਂ ਵੱਲੋਂ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਸੀ ਤੇ ਇਸ ਮੰਗ ਵਿੱਚ ਕਾਫੀ ਵਾਧਾ ਵੀ ਹੋ ਗਿਆ ਸੀ।




ਐਮੇਜ਼ੌਨ ਵੱਲੋਂ ਕੀਤੀ ਜਾਣ ਵਾਲੀ ਇਸ ਆਰਥਿਕ ਸਹਾਇਤਾ ਨਾਲ ਉਨ੍ਹਾਂ ਪਰਿਵਾਰਾਂ ਦੀ ਮਦਦ ਹੋਵੇਗੀ ਜਿਨ੍ਹਾਂ ਕੋਲ ਖਾਣ ਲਈ ਲੋੜੀਂਦਾ ਖਾਣਾ ਨਹੀਂ ਹੈ ਤੇ ਜਾਂ ਜਿਹੜੇ ਮਹਾਂਮਾਰੀ ਕਾਰਨ ਆਰਥਿਕ ਤੰਗੀ ਦਾ ਸ਼ਿਕਾਰ ਹੋਏ ਹਨ।

ਸੀਏਸੀਐਫ ਆਪਰੇਸ਼ਨਜ਼, ਐਮੇਜ਼ੌਨ ਕੈਨੇਡਾ ਦੀ ਡਾਇਰੈਕਟਰ ਸੁਮੇਘਾ ਕੁਮਾਰ ਨੇ ਆਖਿਆ ਕਿ ਓਨਟਾਰੀਓ ਦੀਆਂ ਲੋਕਲ ਆਰਗੇਨਾਈਜ਼ੇਸ਼ਨਜ਼ ਦੀ ਮਦਦ ਕਰਕੇ ਐਮੇਜ਼ੌਨ ਨੂੰ ਬੜਾ ਮਾਣ ਹੋ ਰਿਹਾ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਸੀਂ ਉਨ੍ਹਾਂ ਪਰਿਵਾਰਾਂ ਨੂੰ ਖਾਣਾ ਤੇ ਸਹਿਯੋਗ ਦੇ ਪਾ ਰਹੇ ਹਾਂ ਜਿਨ੍ਹਾਂ ਉੱਤੇ ਮਹਾਂਮਾਰੀ ਦਾ ਨਕਾਰਾਤਮਕ ਅਸਰ ਪਿਆ।

ਉਨ੍ਹਾਂ ਅੱਗੇ ਆਖਿਆ ਕਿ ਇਹ ਡੋਨੇਸ਼ਨ ਓਨਟਾਰੀਓ ਦੀਆਂ ਉਨ੍ਹਾਂ ਕਮਿਊਨਿਟੀਜ਼ ਪ੍ਰਤੀ ਸਾਡੀ ਵਚਨਬੱਧਤਾ ਹੈ ਜਿਨ੍ਹਾਂ ਦਰਮਿਆਨ ਅਸੀਂ ਵਿਚਰਦੇ ਤੇ ਕੰਮ ਕਰਦੇ ਹਾਂ। ਸਾਨੂੰ ਉਨ੍ਹਾਂ ਆਰਗੇਨਾਈਜ਼ੇਸ਼ਨਜ਼ ਨਾਲ ਕੰਮ ਕਰਕੇ ਵੀ ਖੁਸ਼ੀ ਹੋ ਰਹੀ ਹੈ ਜਿਹੜੀਆਂ ਸਮਾਜ ਲਈ ਕੁੱਝ ਵਧੀਆ ਕਰ ਰਹੀਆਂ ਹਨ। ਐਮੇਜ਼ੌਨ ਵੱਲੋਂ ਡੇਲੀ ਬਰੈੱਡ ਫੂਡ ਬੈਂਕ, ਕੇਲਡਨ ਕਮਿਊਨਿਟੀ ਸਰਵਿਸ, ਫੀਡ ਓਨਟਾਰੀਓ, ਮਿਸੀਸਾਗਾ ਫੂਡ ਬੈਂਕ, ਵਿਲੀਅਮ ਓਸਲਰ ਹੈਲਥ ਅਤੇ ਓਟਵਾ ਫੂਡ ਬੈਂਕ ਨੂੰ ਇਹ ਡੋਨੇਸ਼ਨ ਦਿੱਤੀ ਜਾਵੇਗੀ।

# ਵੈਸਟਜੈੱਟ ਕਰੇਗੀ 3,333 ਵਰਕਰਜ਼ ਦੀ ਛਾਂਗੀ

ਕੈਲਗਰੀ, 24 ਜੂਨ (ਪੋਸਟ ਬਿਊਰੋ) : ਟਰੈਵਲ ਇੰਡਸਟਰੀ ਨੂੰ ਤਬਾਹ ਕਰਨ ਵਾਲੀ ਕਰੋਨਾਵਾਇਰਸ ਮਹਾਂਮਾਰੀ ਦਰਮਿਆਨ ਮੁੜਨਿਰਮਾਣ ਸਦਕਾ ਵੈਸਟਜੈੱਟ ਏਅਰਲਾਈਨਜ਼ ਲਿਮਟਿਡ ਵੱਲੋਂ 3,333 ਕਰਮਚਾਰੀਆਂ ਦੀ ਛੁੱਟੀ ਕਰਨ ਦਾ ਫੈਸਲਾ ਕੀਤਾ ਗਿਆ ਹੈ।



ਕੰਪਨੀ ਦਾ ਕਹਿਣਾ ਹੈ ਕਿ ਉਹ ਅਲਬਰਟਾ ਵਿੱਚ ਆਪਣੀ ਕਾਲ ਸੈਂਟਰ ਗਤੀਵਿਧੀ ਨੂੰ ਮਜ਼ਬੂਤ ਕਰਨਗੇ, ਆਪਣੇ ਆਫਿਸ ਦਾ ਮੁੜ ਨਿਰਮਾਣ ਕਰਨਗੇ ਤੇ ਮੈਨੇਜਮੈਂਟ ਸਟਾਫ ਨੂੰ ਨਵੇਂ ਸਿਰੇ ਤੋਂ ਤਰਤੀਬ ਦੇਣਗੇ। ਵੈਸਟਜੈੱਟ ਦੇ ਸੀਈਓ ਐਡ ਸਿਮਜ਼ ਨੇ ਆਖਿਆ ਕਿ ਇਨ੍ਹਾਂ ਤਬਦੀਲੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੈਲਗਰੀ ਸਥਿਤ ਕੰਪਨੀ ਇਸ ਸਮੇਂ ਏਵੀਏਸ਼ਨ ਦੇ ਇਤਿਹਾਸ ਦੇ ਸੱਭ ਤੋਂ ਵੱਡੇ ਸੰਕਟ ਵਿੱਚੋਂ ਨਿਕਲ ਰਹੀ ਹੈ।

ਇਸ ਮਹਾਂਮਾਰੀ ਕਾਰਨ ਏਅਰਲਾਈਨ ਨੂੰ ਆਪਣੇ ਦੋ ਤਿਹਾਈ ਫਲੀਟ ਨੂੰ ਪਾਰਕ ਕਰਨਾ ਪਿਆ। ਅਜਿਹਾ ਮਾਰਚ ਵਿੱਚ ਸਰਹੱਦਾਂ ਬੰਦ ਕੀਤੇ ਜਾਣ ਅਤੇ ਕੌਮਾਂਤਰੀ ਟਰਿੱਪਜ਼ ਉੱਤੇ ਲੱਗੀ ਰੋਕ ਤੋਂ ਬਾਅਦ ਏਅਰਲਾਈਨ ਦੇ ਸ਼ਡਿਊਲ ਦੇ ਸਸਪੈਂਡ ਹੋਣ ਕਾਰਨ ਹੋਇਆ।

# ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 21 ਵਿਅਕਤੀਆਂ ਨੂੰ ਆਰਸੀਐਮਪੀ ਨੇ ਕੀਤਾ ਗ੍ਰਿਫਤਾਰ

ਓਟਵਾ, 24 ਜੂਨ (ਪੋਸਟ ਬਿਊਰੋ) : ਨਵੇਂ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਮਈ ਵਿੱਚ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 21 ਵਿਅਕਤੀਆਂ ਨੂੰ ਆਰਸੀਐਮਪੀ ਵੱਲੋਂ ਗ੍ਰਿਫਤਾਰ ਕੀਤਾ ਗਿਆ। ਇਹ ਵਿਅਕਤੀ ਦੋਵਾਂ ਦੇਸ਼ਾਂ ਦੀ ਸਰਹੱਦ ਬੰਦ ਹੋਣ ਦੇ ਬਾਵਜੂਦ ਅਜਿਹਾ ਕਰ ਰਹੇ ਸਨ।




ਇਹ ਅੰਕੜਾ ਅਪਰੈਲ ਵਿੱਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀਆਂ ਨਾਲੋਂ ਮਾਮੂਲੀ ਵੱਧ ਹੀ ਹੈ। ਕੋਵਿਡ-19 ਮਹਾਂਮਾਰੀ ਨੂੰ ਰੋਕਣ ਲਈ ਦੋਵਾਂ ਦੇਸ਼ਾਂ ਵੱਲੋਂ ਬੇਹੱਦ ਜ਼ਰੂਰੀ ਆਵਾਜਾਈ ਨੂੰ ਛੱਡ ਕੇ ਹੋਰਨਾਂ ਸਾਰੀਆਂ ਗਤੀਵਿਧੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਸਨ। ਅਪਰੈਲ ਹੀ ਅਜਿਹਾ ਪਹਿਲਾ ਮਹੀਨਾ ਸੀ ਜਿਸ ਵਿੱਚ ਇਹ ਪਾਬੰਦੀਆਂ ਪੂਰਾ ਸਮਾਂ ਲਾਗੂ ਹੋਈਆਂ ਸਨ।

ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟਿਜ਼ਨਸ਼ਿਪ ਕੈਨੇਡਾ ਦਾ ਕਹਿਣਾ ਹੈ ਕਿ ਮਈ ਵਿੱਚ ਕੈਨੇਡਾ ਵਿੱਚ ਪਨਾਹ ਲੈਣ ਲਈ 1390 ਲੋਕਾਂ ਨੇ ਅਪਲਾਈ ਕੀਤਾ ਤੇ 1570 ਨੇ ਅਪਰੈਲ ਵਿੱਚ ਅਜਿਹਾ ਕੀਤਾ। 2017 ਤੋਂ ਲੈ ਕੇ ਹੁਣ ਤੱਕ ਘੱਟੋ ਘੱਟ 57000 ਲੋਕ ਕੈਨੇਡਾ ਤੇ ਅਮਰੀਕਾ ਦਰਮਿਆਨ ਗੈਰਅਧਿਕਾਰਕ ਲਾਂਘਿਆਂ ਰਾਹੀਂ ਸਰਹੱਦ ਪਾਰ ਕਰ ਚੁੱਕੇ ਹਨ ਤਾਂ ਕਿ ਉਹ ਕੈਨੇਡਾ ਵਿੱਚ ਪਨਾਹ ਲੈਣ ਲਈ ਆਪਣਾ ਕੇਸ ਫਾਈਲ ਕਰ ਸਕਣ।

ਇਨ੍ਹਾਂ ਵਿੱਚੋਂ ਵੱਡੀ ਗਿਣਤੀ ਲੋਕ ਕਿਊਬਿਕ ਪਹੁੰਚੇ ਹਨ ਤੇ ਉਨ੍ਹਾਂ ਦੇ ਦਾਅਵਿਆਂ ਉੱਤੇ ਅਜੇ ਫੈਸਲਾ ਆਉਣਾ ਬਾਕੀ ਹੈ ਇਸ ਲਈ ਬਹੁਤਿਆਂ ਨੇ ਹੈਲਥ ਕੇਅਰ ਵਿੱਚ ਕੰਮ ਵੀ ਲੱਭ ਲਿਆ ਹੈ। ਕੋਵਿਡ-19 ਮਹਾਂਮਾਰੀ ਕਾਰਨ ਹੈਲਥ ਕੇਅਰ ਵਿੱਚ ਕਈ ਕੰਮ ਵੀ ਉਪਲਬਧ ਹਨ। ਇਸ ਦੇ ਮਦੇਨਜ਼ਰ ਫੈਡਰਲ ਤੇ ਕਿਊਬਿਕ ਸਰਕਾਰਾਂ ਅਜਿਹਾ ਪ੍ਰੋਗਰਾਮ ਲਿਆਉਣ ਬਾਰੇ ਵਿਚਾਰ ਕਰ ਰਹੀਆਂ ਹਨ ਜਿਸ ਤਹਿਤ ਪਨਾਹ ਹਾਸਲ ਕਰਨ ਵਾਲੇ ਵਿਅਕਤੀਆਂ ਨੂੰ ਸਥਾਈ ਰੈਜ਼ੀਡੈਂਸੀ ਦਿੱਤੀ ਜਾ ਸਕੇ।

# ਅਮਰੀਕਾ ਵਿੱਚ ਸਿੱਖ ਦੇ ਰੈਸਟੋਰੈਂਟ ਦੀ ਭੰਨਤੋੜ ਕਾਰਨ ਲੱਖਾਂ ਦਾ ਨੁਕਸਾਨ

ਵਾਸ਼ਿੰਗਟਨ, 24 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਨਿਊ ਮੈਕਸੀਕੋ ਸੂਬੇ ਦੇ ਸਾਂਤਾ ਫੇਅ ਸਿਟੀ ਵਿਚ ਇਕ ਸਿੱਖ ਦੇ ਰੈਸਟੋਰੈਂਟ ਵਿਚ ਭੰਨਤੋੜ ਕੀਤੀ ਗਈ ਅਤੇ ਸ਼ਰਾਰਤੀ ਤੱਤਾਂ ਨੇ ਰੈਸਟੋਰੈਂਟ ਦੀਆਂ ਕੰਧਾਂ ਉੱਤੇ ਭੜਕਾਊ ਸੰਦੇਸ਼ ਵੀ ਲਿਖੇ ਹਨ। ਇੰਡੀਅਨ ਪੈਲੇਸ ਨਾਂ ਦੇ ਇਸ ਰੈਸਟੋਰੈਂਟ ਨੂੰ ਲਗਪਗ ਇਕ ਲੱਖ ਡਾਲਰ ਦਾ ਨੁਕਸਾਨ ਹੋਇਆ ਹੈ। ਸਥਾਨਕ ਪੁਲਿਸ ਅਤੇ ਐੱਫ ਬੀ ਆਈ ਇਸ ਘਟਨਾ ਦੀ ਜਾਂਚ ਕਰ ਰਹੀਆਂ ਹਨ।



ਮਿਲੀ ਜਾਣਕਾਰੀ ਅਨੁਸਾਰ ਸ਼ਰਾਰਤੀ ਤੱਤਾਂ ਨੇ ਰੈਸਟੋਰੈਂਟ ਦੇ ਮੇਜ਼ਾਂ ਨੂੰ ਪਲਟ ਦਿੱਤਾ, ਕੱਚ ਦੇ ਬਰਤਨ ਤੋੜ ਦਿੱਤੇ ਤੇ ਕੰਪਿਊਟਰ ਸਮੇਤ ਕੁਝ ਸਾਮਾਨ ਚੋਰੀ ਕਰ ਕੇ ਲੈ ਗਏ। ਰੈਸਟੋਰੈਂਟ ਮਾਲਕ ਬਲਜੀਤ ਸਿੰਘ ਨੇ ਕਿਹਾ, ਜਦੋਂ ਮੈਂ ਰਸੋਈ ਵਿਚ ਗਿਆ ਤਾਂ ਰੈਸਟੋਰੈਂਟ ਦੀਆਂ ਦੀਵਾਰਾਂ ਆਦਿ ਉੱਤੇ 'ਵਾਈਟ ਪਾਵਰ', 'ਟਰੰਪ 2020' ਅਤੇ 'ਘਰ ਜਾਓ' ਨਾਅਰੇ ਅਤੇ ਨਸਲੀ ਹਿੰਸਾ ਦੀਆਂ ਧਮਕੀਆਂ ਤੇ ਵਿਤਕਰੇ ਵਾਲੇ ਸੰਦੇਸ਼ ਲਿਖੇ ਸਨ। ਨਿਊ ਮੈਕਸੀਕੋ ਦੀ ਗਵਰਨਰ ਮਿਸ਼ੇਲ ਲੁਜਾਨ ਗ੍ਰੀਸ਼ਮ ਅਤੇ ਮੇਅਰ ਐਲਨ ਵੇਬਰ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ।

# ਟੋਰਾਂਟੋ ਆਈਲੈਂਡ ਲਈ ਫੇਰੀ ਸਰਵਿਸ ਸ਼ਨਿੱਚਰਵਾਰ ਤੋਂ ਹੋਵੇਗੀ ਸ਼ੁਰੂ



ਟੋਰਾਂਟੋ, 24 ਜੂਨ (ਪੋਸਟ ਬਿਊਰੋ) : ਹੁਣ ਜਦੋਂ ਟੋਰਾਂਟੋ ਪ੍ਰੋਵਿੰਸ ਦੇ ਕੋਵਿਡ-19 ਰਿਕਵਰੀ ਪਲੈਨ ਦੇ ਅਗਲੇ ਪੜਾਅ ਵਿੱਚ ਪਹੁੰਚ ਚੁੱਕਿਆ ਹੈ ਤਾਂ ਟੋਰਾਂਟੋ ਆਈਲੈਂਡ ਲਈ ਫੇਰੀ ਸਰਵਿਸ ਸ਼ਨਿੱਚਰਵਾਰ ਤੋਂ ਸ਼ੁਰੂ ਹੋ ਜਾਵੇਗੀ।

ਮੇਅਰ ਜੌਹਨ ਟੋਰੀ ਨੇ ਕਲ੍ਹ ਸਵੇਰੇ ਜੈਕ ਲੇਯਟਨ ਫੇਰੀ ਟਰਮੀਨਲ ਉੱਤੇ ਇਸ ਸਬੰਧ ਵਿੱਚ ਐਲਾਨ ਕੀਤਾ। ਟੋਰੀ ਨੇ ਆਖਿਆ ਕਿ ਇਸ ਸਬੰਧ ਵਿੱਚ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ। ਫੈਡਰਲ ਸਰਕਾਰ ਵੱਲੋਂ ਵਾਇਰਸ ਨੂੰ ਰੋਕਣ ਲਈ ਬਣਾਏ ਗਏ ਨਿਯਮਾਂ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖ ਕੇ ਹੀ ਫੇਰੀ ਸੇਵਾ ਨੂੰ ਜਾਰੀ ਰੱਖਿਆ ਜਾਵੇਗਾ। ਨਵੇਂ ਨਿਯਮਾਂ ਨਾਲ ਫੇਰੀਜ਼ ਦੇ ਆਪਰੇਟ ਕਰਨ ਦਾ ਢੰਗ ਹੀ ਬਦਲ ਜਾਵੇਗਾ।

ਫੇਰੀਜ਼ ਆਪਣੀ ਵੱਧ ਤੋਂ ਵੱਧ ਸਮਰੱਥਾ ਦੇ 50 ਫੀ ਸਦੀ ਨਾਲ ਹੀ ਆਪਰੇਟ ਕਰਨਗੀਆਂ। ਯਾਤਰੀਆਂ ਤੇ ਸਟਾਫ ਦੀ ਹਿਫਾਜ਼ਤ ਲਈ ਕੋਵਿਡ-19 ਦਿਸ਼ਾ ਨਿਰਦੇਸ਼ਾਂ ਦਾ ਪੂਰਾ ਖਿਆਲ ਰੱਖਣਾ ਹੋਵੇਗਾ। ਇਹ ਨਿਯਮ ਟੋਰਾਂਟੋ ਪਬਲਿਕ ਹੈਲਥ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਤਿਆਰ ਕੀਤੇ ਗਏ ਹਨ। ਟਿਕਟ ਦੀ ਹੱਦ 5000 ਰੋਜ਼ਾਨਾ ਤੱਕ ਸੀਮਤ ਕੀਤੀ ਗਈ ਹੈ ਤੇ ਇਨ੍ਹਾਂ ਨੂੰ ਸਿਰਫ ਆਨਲਾਈਨ ਹੀ ਖਰੀਦਿਆ ਜਾ ਸਕੇਗਾ।

ਯਾਤਰੀਆਂ ਨੂੰ ਨੌਨ ਮੈਡੀਕਲ ਮਾਸਕਸ ਪਾਉਣੇ ਹੋਣਗੇ, ਵਿਜ਼ਿਟਰਜ਼ ਨੂੰ ਦੁਪਹਿਰੇ 3:30 ਤੋਂ ਸ਼ਾਮੀਂ 6:30 ਤੱਕ ਸਫਰ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਹਰੇਕ ਟਰਿੱਪ ਤੋਂ ਬਾਅਦ ਫੇਰੀਜ਼ ਨੂੰ ਸਾਫ ਤੇ ਡਿਸਇਨਫੈਕਟ ਕੀਤਾ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਰਾਮਦੇਵ ਫਿਰ ਮਾਰ ਗਿਆ ਗੱਪ ਤਕੜੀ,
ਦਵਾਈ ਕੋਰੋਨਾ ਦੀ ਕਹੇ ਬਣਾਈ ਹੈ ਜੀ।
ਕਹਿੰਦਾ ਲੋਕਾਂ ਨੂੰ ਦੱਸਣ ਹਾਂ ਬਾਅਦ ਲੱਗਾ,
ਪਹਿਲਾਂ ਗਈ ਵੀ ਪੂਰੀ ਅਜ਼ਮਾਈ ਹੈ ਜੀ।
ਦਵਾਈ ਨਾਲ ਮਰੀਜ਼ ਸਭ ਠੀਕ ਹੋ ਗਏ,
ਦਿੱਤੀ ਮੌਤ ਨਹੀਂ ਕਿਤੇ ਦਿਖਾਈ ਹੈ ਜੀ।
ਘੰਟਾ ਗੁਜ਼ਰਿਆ ਇੱਕ ਨਹੀਂ ਦੇਸ਼ ਅੰਦਰ,
ਮੱਚ ਗਈ ਬਾਬੇ ਦੇ ਬਾਰੇ ਦੁਹਾਈ ਹੈ ਜੀ।
ਮੰਗਿਆ ਨਹੀਂ ਲਸੰਸ, ਨਾ ਲਿਆ ਕਿਧਰੋਂ,
ਕੀਤਾ ਟੈੱਸਟ ਵੀ ਹੋਇਆ ਨਾ ਸੱਚ ਬੇਲੀ।
ਸਾਧਗੀਰੀ ਦੀ ਵੀ ਰੱਖੀ ਸ਼ਰਮ ਕੋਈ ਨਾ,
ਕਹਿ ਕੇ ਹੀਰੇ ਤੇ ਵੇਚ ਰਿਹਾ ਕੱਚ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਦੀ ਸਰਬ ਪਾਰਟੀ ਬੈਠਕ ਵਿਚ ਕੇਂਦਰ ਦੇ ਖੇਤੀ ਆਰਡੀਨੈਂਸ ਦੇ ਖਿਲਾਫ਼ ਮਤਾ ਪਾਸ

* ਭਾਜਪਾ ਆਗੂ ਵਿਰੋਧ ਕਰਦੇ ਰਹੇ, ਅਕਾਲੀ ਵੀ ਫਸੇ ਰਹੇ



ਚੰਡੀਗੜ੍ਹ, 24 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੁਲਾਈ ਗਈ ਸਰਬ ਪਾਰਟੀ ਬੈਠਕ ਵਿਚ ਅੱਜ ਬੁੱਧਵਾਰ ਨੂੰ ਕੇਂਦਰ ਸਰਕਾਰ ਦੇ ਖੇਤੀ ਆਰਡੀਨੈਂਸ ਦੇ ਖਿਲਾਫ਼ ਮਤਾ ਪਾਸ ਕਰ ਦਿੱਤਾ ਗਿਆ ਹੈ। ਸਿਰਫ ਭਾਰਤੀ ਜਨਤਾ ਪਾਰਟੀ ਨੇ ਇਸ ਮਤੇ ਦਾ ਖੁੱਲ੍ਹਾ ਵਿਰੋਧ ਕੀਤਾ ਅਤੇ ਅਕਾਲੀ ਦਲ ਨੇ ਕਿਸਾਨਾਂ ਲਈ ਘੱਟੋ-ਘੱਟ ਸਮੱਰਥਨ ਮੁੱਲ ਖਤਮ ਨਾ ਕਰਨ ਅਤੇ ਏ ਪੀ ਐੱਮ ਸੀ ਵਿਚ ਕੋਈ ਛੇੜਛਾੜ ਨਾ ਕਰਨ ਦੀ ਹਮਾਇਤ ਕੀਤੀ ਹੈ। ਬਾਕੀ ਸਾਰੀਆਂ ਧਿਰਾਂ ਪੂਰੀ ਤਰ੍ਹਾਂ ਪੰਜਾਬ ਸਰਕਾਰ ਦੇ ਨਾਲ ਖੜੀਆਂ ਦਿਖਾਈ ਦਿੱਤੀਆਂ ਹਨ। ਇਸ ਬੈਠਕ ਨੇ ਪ੍ਰਧਾਨ ਮੰਤਰੀ ਅਤੇ ਖੇਤੀ ਮੰਤਰੀ ਕੋਲ ਸਾਂਝਾ ਵਫ਼ਦ ਭੇਜਣ ਦਾ ਵੀ ਸਮੱਰਥਨ ਕੀਤਾ ਹੈ।

ਅੱਜ ਦੀ ਇਸ ਸਰਬ ਪਾਰਟੀ ਮੀਟਿੰਗ ਸਾਹਮਣੇ ਇੱਕ ਮਤਾ ਪੜ੍ਹਿਆ ਗਿਆ ਕਿ ਮੁੱਖ ਮੰਤਰੀ ਦੀ ਪ੍ਰਧਾਨਗੀ ਵਿਚ ਪੰਜਾਬ ਦੀਆਂ ਸਭ ਰਾਜਨੀਤਕ ਪਾਰਟੀਆਂ ਦਾ ਵਫ਼ਦ ਪ੍ਰਧਾਨ ਮੰਤਰੀ ਤੇ ਖੇਤੀ ਮੰਤਰੀ ਨੂੰ ਮਿਲ ਕੇ ਇਸ ਕਿਸਾਨ ਵਿਰੋਧੀ ਕਾਨੂੰਨ ਦੇ ਖਿਲਾਫ਼ ਇਤਰਾਜ਼ ਅਤੇ ਅਪੀਲ ਕਰੇਗਾ ਕਿ ਲੋਕ ਹਿਤ ਵਿੱਚ ਇਸ ਨੂੰ ਵਾਪਸ ਲਿਆ ਜਾਵੇ। ਇਹ ਕਿਹਾ ਗਿਆ ਹੈ ਕਿ ਖੇਤੀਬਾੜੀ ਅਤੇ ਮੰਡੀਕਰਨ ਇਸ ਦੇਸ਼ ਦੇ ਸੰਵਿਧਾਨ ਦੀ 7ਵੀਂ ਸੂਚੀ ਮੁਤਾਬਕ ਰਾਜ ਸਰਕਾਰਾਂ ਦੇ ਵਿਸ਼ੇ ਹਨ ਅਤੇ ਕੇਂਦਰ ਸਰਕਾਰ ਦਾ ਨਵਾਂ ਆਰਡੀਨੈਂਸ ਸੰਵਿਧਾਨ ਵਿਚ ਦਰਜ ਕੋਆਪਰੇਟਿਵ ਢਾਂਚੇ ਦੀ ਭਾਵਨਾ ਦੇ ਖਿਲਾਫ਼ ਹੈ। ਅਕਾਲੀ ਦਲ ਨੇ ਕਿਹਾ ਕਿ ਉਹ ਇਸ ਨੂੰ ਸਮੂਹਕ ਢਾਂਚੇ ਦੀ ਭਾਵਨਾ ਦੇ ਖਿਲਾਫ਼ ਦੱਸਣ ਤੋਂ ਪਹਿਲਾਂ ਕਾਨੂੰਨੀ ਰਾਏ ਲੈਣਗੇ।

ਕਰੀਬ ਪੰਜ ਘੰਟੇ ਚੱਲੀ ਇਸ ਸਰਬ ਪਾਰਟੀ ਵੀਡੀਓ ਕਾਨਫਰੰਸ ਵਿਚ ਮਤਾ ਪਾਸ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਖੇਤੀਬਾੜੀ ਮਾਮਲਿਆਂ ਵਿਚ ਸੰਵਿਧਾਨ ਮੁਤਾਬਕ ਕੇਂਦਰ ਸਰਕਾਰ ਨੂੰ ਦਖਲ ਦੇਣ ਦਾ ਕੋਈ ਹੱਕ ਹੀ ਨਹੀਂ ਹੈ। ਉਨ੍ਹਾ ਕਿਹਾ ਕਿ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਇਹ ਆਰਡੀਨੈਂਸ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇ ਪ੍ਰਬੰਧ ਦਾ ਅੰਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਾਨੂੰ ਜੀ ਐੱਸ ਟੀ ਦੀ ਅਦਾਇਗੀ ਕਰਨ ਦੀ ਵੀ ਗਾਰੰਟੀ ਦਿੱਤੀ ਗਈ ਸੀ, ਪਰ ਅਸੀਂ ਇਸ ਪੈਸੇ ਦੀ ਅੱਜ ਵੀ ਉਡੀਕ ਕਰ ਰਹੇ ਹਾਂ। ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਜੇ ਮੰਡੀ ਬੋਰਡ ਕੋਲ ਪੈਸਾ ਨਹੀਂ ਹੋਵੇਗਾ ਤਾਂ ਪੇਂਡੂ ਇਲਾਕਿਆਂ ਦਾ ਵਿਕਾਸ ਕਿਵੇਂ ਹੋਵੇਗਾ?

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰ ਦੇ ਆਰਡੀਨੈਂਸ ਦੀ ਭਾਸ਼ਾ ਹੀ ਕਈ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਓਦੋਂ ਜਾਰੀ ਕੀਤਾ ਗਿਆ ਹੈ, ਜਦੋਂ ਚੀਨ ਤੋਂ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਆਰਥਿਕ ਹਾਲਤ ਖਰਾਬ ਹੈ। ਉਨ੍ਹਾ ਕਿਹਾ ਕਿ ਕੇਂਦਰ ਨੂੰ ਰਾਜਾਂ ਦੇ ਖ਼ਿਲਾਫ਼ ਆਰਡੀਨੈਂਸ ਲਿਆਉਣ ਦਾ ਅਧਿਕਾਰ ਹੀ ਨਹੀਂ। ਜਾਖੜ ਨੇ ਇਹ ਵੀ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਸਾਨ ਮੁੱਦੇ ਉੱਤੇ ਹਰ ਕੁਰਬਾਨੀ ਦੇਣ ਦੀ ਗੱਲ ਕਰਦੇ ਹਨ, ਪਰ ਕਿਸਾਨਾਂ ਦੇ ਹਿਤਾਂ ਖਾਤਰ ਕੁਰਸੀ ਛੱਡਣ ਨੂੰ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਆਰਡੀਨੈਂਸ ਬਾਰੇ ਸਭ ਬਦਲ ਖੁੱਲ੍ਹੇ ਰੱਖੇ ਜਾਣਗੇ ਤੇ ਲੋੜ ਪਈ ਤਾਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਕੀਤਾ ਜਾ ਸਕਦਾ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੁਹਰਾਇਆ ਕਿ ਉਹ ਕਿਸਾਨੀ ਹਿਤਾਂ ਲਈ ਹਰ ਕੁਰਬਾਨੀ ਦੇ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਰਾਜਸੀ ਗਠਜੋੜ ਜਾਂ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਕਿਸਾਨ ਹਿਤਾਂ ਤੋਂ ਉੱਪਰ ਨਹੀਂ। ਉਨ੍ਹਾਂ ਨੇ ਪੰਜਾਬ ਦੇ ਬੀਜ ਘੁਟਾਲੇ, ਸ਼ਰਾਬ ਮਾਫੀਆ ਤੇ ਰਾਸ਼ਨ ਘੁਟਾਲੇ ਬਾਰੇ ਵੀ ਸਰਬ ਪਾਰਟੀ ਬੈਠਕ ਦੀ ਮੰਗ ਕੀਤੀ। ਸੁਖਬੀਰ ਸਿੰਘ ਬਾਦਲ ਨੇ ਡੀਜ਼ਲ ਉੱਤੇ ਦਸ ਰੁਪਏ ਵੈਟ ਦੀ ਕਟੌਤੀ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਕਿਸਾਨੀ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ੍ਹ ਖ਼ਤਮ ਨਹੀਂ ਹੋਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਘੱਟੋ-ਘੱਟ ਸਮਰਥਨ ਮੁੱਲ ਵਿਚ ਕਟੌਤੀ ਕੀਤੀ ਗਈ ਤਾਂ ਅਕਾਲੀ ਦਲ ਵੀ ਪੰਜਾਬ ਦੀਆਂ ਹੋਰਨਾਂ ਪਾਰਟੀਆਂ ਦੇ ਨਾਲ ਖੜਾ ਹੋਵੇਗਾ।

ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੇਂਦਰ ਸਰਕਾਰ ਦੇ ਆਰਡੀਨੈਂਸ ਨੂੰ ਕਿਸਾਨਾਂ ਦੇ ਪੱਖ ਦਾ ਦੱਸ ਕੇ ਕਿਹਾ ਕਿ ਸਮੱਰਥਨ ਮੁੱਲ ਖਤਮ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦਾਅਵਾ ਕੀਤਾ ਕਿ ਸਮੱਰਥਨ ਮੁੱਲ ਪੱਕੀ ਗੱਲ ਹੈ, ਖਤਮ ਨਹੀਂ ਹੋ ਸਕਦਾ। ਸੀ ਪੀ ਆਈ ਪੰਜਾਬ ਦੇ ਸੈਕਟਰੀ ਬੰਤ ਸਿੰਘ ਬਰਾੜ, ਸੀ ਪੀ ਆਈ (ਐੱਮ) ਦੇ ਸੂਬਾ ਸੈਕਟਰੀ ਸੁਖਵਿੰਦਰ ਸਿੰਘ ਸੇਖੋਂ ਅਤੇ ਬਸਪਾ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਵੀ ਆਰਡੀਨੈਂਸ ਨੂੰ ਕਿਸਾਨਾਂ ਦੇ ਖਿਲਾਫ ਕਿਹਾ। ਅਕਾਲੀ ਦਲ ਟਕਸਾਲੀ ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ ਦੇ ਹਿੱਤ ਦੀ ਗੱਲ ਕੀਤੀ ਹੈ, ਪਰ ਇਹ ਆਰਡੀਨੈਂਸ ਅਧਿਕਾਰਾਂ ਵਿਚ ਸੰਨ੍ਹ ਲਾਉਣ ਵਾਲਾ ਹੈ।

## ਅਮਰੀਕਾ ਦੀ ਰਿਪੋਰਟ: ਪਾਕਿ ਹਾਲੇ ਵੀ ਅੱਤਵਾਦੀਆਂ ਦੀ ਸੁਰੱਖਿਅਤ ਠਾਹਰ ਬਣਿਆ ਪਿਐ

* ਭਾਰਤੀ ਸੁਰੱਖਿਆ ਏਜੰਸੀਆਂ ਨੂੰ ਅੱਤਵਾਦ ਵਿਰੁੱਧ ਪ੍ਰਭਾਵੀ ਮੰਨਿਆ



ਵਾਸ਼ਿੰਗਟਨ, 24 ਜੂਨ, (ਪੋਸਟ ਬਿਊਰੋ)- ਅਮਰੀਕਾ ਨੇ ਅੱਜ ਬੁੱਧਵਾਰ ਨੂੰ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ 2019 ਵਿੱਚ ਅੱਤਵਾਦ ਦੀ ਫੰਡਿੰਗ ਨੂੰ ਰੋਕਣ ਤੇ ਉਸੇ ਸਾਲ ਫਰਵਰੀ ਵਿਚ ਭਾਰਤੀ ਖੇਤਰ ਵਿੱਚ ਹੋਏ ਪੁਲਵਾਮਾ ਹਮਲੇ ਤੋਂ ਪਿੱਛੋਂ ਪਾਕਿਸਤਾਨ ਸਰਕਾਰ ਨੇ ਵੱਡੇ ਹਮਲੇ ਰੋਕਣ ਲਈ ਭਾਰਤ ਵਿਰੋਧੀ ਅੱਤਵਾਦੀਆਂ ਖਿਲਾਫ ਮਾਮੂਲੀ ਕਦਮ ਚੁੱਕੇ, ਪਰ ਉਹ ਹਾਲੇ ਵੀ ਇਸ ਖੇਤਰ ਵਿਚ ਸਰਗਰਮ ਅੱਤਵਾਦੀਆਂ ਲਈ ਸੁਰੱਖਿਅਤ ਠਾਹਰ ਬਣਿਆ ਹੋਇਆ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਨੂੰ ਮਿਲਦੀ ਅਮਰੀਕੀ ਮਦਦ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਨਵਰੀ 2018 ਵਿਚ ਲਾਈ ਰੋਕ 2019 ਵਿਚ ਵੀ ਲਾਗੂ ਰੱਖੀ ਹੈ। ਉਨ੍ਹਾ ਨੇ ਕਿਹਾ ਕਿ ਪਾਕਿਸਤਾਨ ਨੇ ਅੱਤਵਾਦ ਦੀ ਫੰਡਿੰਗ ਰੋਕਣ ਅਤੇ ਜੈਸ਼-ਏ-ਮੁਹੰਮਦ ਵੱਲੋਂ ਪਿਛਲੇ ਸਾਲ ਫਰਵਰੀ ਵਿਚ ਜੰਮੂ-ਕਸ਼ਮੀਰ ਵਿਚ ਭਾਰਤੀ ਸੁਰੱਖਿਆ ਫੋਰਸਾਂ ਦੇ ਕਾਫਲੇ ਉੱਤੇ ਕੀਤੇ ਅੱਤਵਾਦੀ ਹਮਲੇ ਤੋਂ ਬਾਅਦ ਵੱਡੇ ਪੈਮਾਨੇ ਉੱਤੇ ਅੱਤਵਾਦੀ ਹਮਲੇ ਰੋਕਣ ਲਈ 2019 ਵਿਚ ਮਾਮੂਲੀ ਕਦਮ ਹੀ ਚੁੱਕੇ ਸਨ। ਅੱਤਵਾਦ ਵਿਰੁੱਧ ਪਾਰਲੀਮੈਂਟਰੀ ਅਧਿਕਾਰ ਵਾਲੀ ਕਮੇਟੀ ਦੀ ਸਾਲਾਨਾ ਰਿਪੋਰਟ 2019 ਵਿਚ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਦਰਜ ਕੀਤਾ ਹੈ ਕਿ ਪਾਕਿਸਤਾਨ ਨੇ ਅੱਤਵਾਦ ਦੀ ਫੰਡਿੰਗ ਦੇ 3 ਕੇਸਾਂ ਵਿਚ ਲਸ਼ਕਰ-ਏ-ਤੋਇਬਾ ਦੇ ਮੋਢੀ ਹਾਫਿਜ਼ ਸਇਦ ਨੂੰ ਦੋਸ਼ੀ ਠਹਿਰਾਉਣ ਸਮੇਤ ਕੁਝ ਬਾਹਰੀ ਗਰੁੱਪਾਂ ਦੇ ਖਿਲਾਫ ਕਾਰਵਾਈ ਕੀਤੀ ਹੈ, ਪਰ ਪਾਕਿਸਤਾਨ ਇਸ ਖੇਤਰ ਵਿਚ ਸਰਗਰਮ ਹੋਰ ਅੱਤਵਾਦੀ ਗਰੁੱਪਾਂ ਦੇ ਲਈ ਹਾਲੇ ਵੀ ਸੁਰੱਖਿਅਤ ਠਾਹਰ ਬਣਿਆ ਹੋਇਆ ਹੈ।

ਅਮਰੀਕਾ ਦੀ ਇਕ ਰਿਪੋਰਟ ਮੁਤਾਬਕ ਭਾਰਤ ਨੇ 2019 ਵਿਚ ਆਪਣੀਆਂ ਹੱਦਾਂ ਵਿੱਚ ਅੱਤਵਾਦੀ ਸਰਗਰਮੀਆਂ ਦਾ ਪਤਾ ਲਾਉਣ ਅਤੇ ਰੋਕਣ ਦਾ ਲਗਾਤਾਰ ਦਬਾਅ ਬਣਾਇਆ ਹੈ ਤੇ ਇਸ ਦੀਆਂ ਸੁਰੱਖਿਆ ਏਜੰਸੀਆਂ ਖੁਫੀਆ ਸੂਚਨਾ ਸਾਂਝੀ ਕਰਨ ਵਿਚ ਕੁਝ ਫਰਕ ਦੇ ਬਾਵਜੂਦ ਅੱਤਵਾਦੀ ਖਤਰਿਆਂ ਨੂੰ ਰੋਕਣ ਦੇ ਸਮਰੱਥ ਹਨ। ਵਿਦੇਸ਼ ਵਿਭਾਗ ਦੀ ਇਸ ਸਾਲਾਨਾ ਰਿਪੋਰਟ ਮੁਤਾਬਕ 2019 ਵਿਚ ਭਾਰਤ ਨੇ ਜੰਮੂ-ਕਸ਼ਮੀਰ ਅਤੇ ਮੱਧ ਭਾਰਤ ਦੇ ਕੁਝ ਹਿੱਸਿਆਂ ਵਿਚ ਅੱਤਵਾਦੀ ਹਮਲੇ ਝੱਲੇ ਹਨ, ਪਰ ਭਾਰਤ ਸਰਕਾਰ ਨੇ ਆਪਣੀਆਂ ਸਰਹੱਦਾਂ ਅੰਦਰ ਅੱਤਵਾਦੀ ਗਤੀਵਿਧੀਆਂ ਦਾ ਪਤਾ ਲਾਉਣ ਅਤੇ ਰੋਕਣ ਲਈ ਲਗਾਤਾਰ ਦਬਾਅ ਪਾਉਣਾ ਜਾਰੀ ਰੱਖਿਆ ਹੈ। ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਰਤ ਦੇ ਕਈ ਹੋਰ ਸੀਨੀਅਰ ਨੇਤਾਵਾਂ ਨੇ ਅੱਤਵਾਦੀ ਹਮਲਿਆਂ ਵਿਰੁੱਧ ਬਿਆਨ ਦਿੱਤੇ ਤੇ ਅਮਰੀਕਾ ਤੇ ਬਰਾਬਰ ਸੋਚਣੀ ਵਾਲੇ ਹੋਰ ਦੇਸ਼ਾਂ ਨਾਲ ਸਹਿਯੋਗ ਲਈ ਅੱਤਵਾਦ ਦੇ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਂਦਾ ਗਿਆ ਹੈ।

## ਕੋਰੋਨਾ ਦੀ ਦਵਾਈ ਦਾ ਮਾਮਲਾ: ਬਾਬਾ ਰਾਮਦੇਵ ਦੇ ਖ਼ਿਲਾਫ਼ ਪੰਜਾਬ ਦੇ ਡੀ ਜੀ ਪੀ ਅੱਗੇ ਸ਼ਿਕਾਇਤ ਪੇਸ਼

* ਕੇਂਦਰੀ ਮੰਤਰੀ ਨੇ ਕਿਹਾ: ਮਨਜ਼ੂਰੀ ਬਿਨਾਂ ਦਵਾਈ ਨਹੀਂ ਵਿਕ ਸਕਦੀ



ਚੰਡੀਗੜ੍ਹ, 24 ਜੂਨ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਹਾਕਮ ਸਿੰਘ ਅਤੇ ਸਿਮਰਨਜੀਤ ਕੌਰ ਗਿੱਲ ਤੇ ਆਰ ਟੀ ਆਈ ਕਾਰਕੁੰਨਾਂ ਪਰਵਿੰਦਰ ਸਿੰਘ ਕਿੱਤਣਾ, ਕੁਲਦੀਪ ਸਿੰਘ ਖਹਿਰਾ ਨੇ ਪੰਜਾਬ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਨੂੰ ਸ਼ਿਕਾਇਤ ਭੇਜ ਕੇ ਬਾਬਾ ਰਾਮਦੇਵ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਇਨ੍ਹਾਂ ਸ਼ਿਕਾਇਤ ਕਰਤਾਵਾਂ ਨੇ ਕਿਹਾ ਹੈ ਕਿ ਬਾਬਾ ਰਾਮਦੇਵ ਨੇ ਕੋਰੋਨਾ ਦੇ ਇਲਾਜ ਦੀ ਦਵਾਈ ਤਿਆਰ ਕਰਨ ਦੇ ਦਾਅਵੇ ਭਾਰਤ ਸਰਕਾਰ ਦੀ ਆਯੂਸ਼ ਮਨਿਸਟਰੀ ਅਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੂੰ ਭਰੋਸੇ ਵਿਚ ਲਏ ਬਿਨਾਂ ਕੀਤੇ ਹਨ ਅਤੇ ਏਦਾਂ ਕਰਨਾ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਨਿਯਮਾਂ ਦਾ ਉਲੰਘਣ ਹੈ। ਉਨ੍ਹਾਂ ਮੁਤਾਬਕ ਰਾਮਦੇਵ ਨੇ ਇਹ ਦਾਅਵੇ ਕਰ ਕੇ ਸਾਰੇ ਭਾਰਤ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਕਾਰਨ ਉਨ੍ਹਾਂ ਦੇ ਖ਼ਿਲਾਫ਼ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 420, 270, 276 ਅਤੇ 188, ਇਤਰਾਜ਼ ਯੋਗ ਇਸ਼ਤਿਹਾਰਬਾਜ਼ੀ ਐਕਟ 1954 ਦੀ ਧਾਰਾ 7 ਅਤੇ ਇਨਫਰਮੇਸ਼ਨ ਐਂਡ ਟੈਕਨਾਲੋਜੀ ਐਕਟ 2000 ਦੀ ਧਾਰਾ 66(4) ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕੀਤਾ ਜਾਵੇ। ਪਤਾ ਲੱਗਾ ਹੈ ਕਿ ਪੰਜਾਬ ਪੁਲਸ ਦੇ ਡੀ ਜੀ ਪੀ ਦਫ਼ਤਰ ਨੇ ਇਨ੍ਹਾਂ ਕਾਰਕੁਨਾਂ ਦੀ ਸ਼ਿਕਾਇਤ ਅਗਲੀ ਕਾਰਵਾਈ ਲਈ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਭੇਜ ਦਿੱਤੀ ਹੈ।

ਸਮਾਜ ਸੇਵੀ ਕੁਲਦੀਪ ਸਿੰਘ ਖਹਿਰਾ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਕੋਰੋਨਾ ਦੇ ਇਲਾਜ ਦੀ ਦਵਾਈ ਬਣਾਉਣ ਦੇ ਦਾਅਵੇ ਕਰਨ ਵਾਲੇ ਕਈ ਲੋਕਾਂ ਉੱਤੇ ਕੇਸ ਦਰਜ ਹੋਏ ਹਨ ਤੇ ਏਦਾਂ ਹੀ ਬਾਬਾ ਰਾਮਦੇਵ ਉੱਤੇ ਵੀ ਹੋਣਾ ਚਾਹੀਦਾ ਹੈ।

ਇਸ ਦੌਰਾਨ ਅੱਜ ਭਾਰਤ ਦੇ ਕੇਂਦਰੀ ਆਯੂਸ਼ ਮੰਤਰੀ ਸ਼੍ਰੀਪਦ ਨਾਇਕ ਨੇ ਕਿਹਾ ਹੈ ਕਿ ਬਾਬਾ ਰਾਮਦੇਵ ਨੂੰ ਕੇਂਦਰ ਦੇ ਕਿਸੇ ਮੰਤਰਾਲੇ ਤੋਂ ਆਗਿਆ ਲਏ ਬਿਨਾਂ ਆਪਣੀ ਦਵਾਈ ਦਾ ਐਲਾਨ ਮੀਡੀਆ ਕੋਲ ਨਹੀਂ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਸੀਂ ਰਾਮਦੇਵ ਤੋਂ ਜਵਾਬ ਮੰਗਿਆ ਅਤੇ ਪੂਰਾ ਕੇਸ ਟਾਸਕ ਫੋਰਸ ਨੂੰ ਭੇਜਿਆ ਹੈ। ਮੰਤਰੀ ਨੇ ਅੱਗੇ ਕਿਹਾ ਕਿ ਸਾਡੀ ਦਿੱਕਤ ਇਹੋ ਹੈ ਕਿ ਦਵਾਈ ਪੇਸ਼ ਕਰਨ ਤੋਂ ਪਹਿਲਾਂ ਮੰਤਰਾਲੇ ਤੋਂ ਇਜਾਜ਼ਤ ਨਹੀਂ ਲਈ ਗਈ। ਆਯੂਸ਼ ਮੰਤਰਾਲਾ ਖੁਦ ਵੀ ਆਪਣੀ ਦਵਾਈ ਬਣਾਉਣ ਬਾਰੇ ਕੰਮ ਕਰ ਰਿਹਾ ਹੈ ਅਤੇ ਆਸ ਹੈ ਕਿ ਕੋਰੋਨਾ ਦੀ ਇਹ ਦਵਾਈ ਇਸ ਜੁਲਾਈ ਵਿੱਚ ਲਾਂਚ ਹੋ ਜਾਵੇਗੀ। ਮੰਤਰੀ ਨੇ ਕਿਹਾ ਕਿ ਰਾਮਦੇਵ ਦੀ ਕੰਪਨੀ ਦੇ ਜਵਾਬ ਦੀ ਜਾਂਚ ਟਾਸਕ ਫੋਰਸ ਕਰੇਗੀ ਕਿ ਉਨ੍ਹਾਂ ਨੇ ਕੀ ਫਾਰਮੂਲਾ ਵਰਤਿਆ ਹੈ ਤੇ ਠੀਕ ਹੋਏ ਤਾਂ ਆਗਿਆ ਦੇ ਦਿੱਤੀ ਜਾਵੇਗੀ।

ਦੂਸਰੇ ਪਾਸੇ ਰਾਮਦੇਵ ਨੇ ਰਾਜਸਥਾਨ ਦੇ ਜਿਹੜੇ ਮੈਡੀਕਲ ਇੰਸਟੀਚਿਊਟ ਵਿੱਚ ਆਪਣੀ ਕੋਰੋਨਾ ਦੀ ਦਵਾਈ ਦੀ ਮਰੀਜ਼ਾਂ ਉੱਤੇ ਪਰਖ ਦਾ ਦਾਅਵਾ ਕੀਤਾ ਸੀ, ਉਸ ਨੈਸ਼ਨਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਚੀਫ ਮੈਡੀਕਲ ਅਫਸਰ ਨੇ ਸਾਫ ਕਹਿ ਦਿੱਤਾ ਹੈ ਕਿ ਏਥੇ ਕਿਸੇ ਤਰ੍ਹਾਂ ਦਾ ਕੋਈ ਟੈੱਸਟ ਹੀ ਨਹੀਂ ਕੀਤਾ ਗਿਆ।

## ਅਮਰੀਕਾ ਨੇ ਗ੍ਰੀਨ ਕਾਰਡ ਉੱਤੇ ਰੋਕ ਲਾਈ, ਟਰੰਪ ਨੇ ਅਮਰੀਕੀ ਹਿੱਤਾਂ ਦਾ ਕਾਰਨ ਦੱਸਿਆ

ਵਾਸ਼ਿੰਗਟਨ, 24 ਜੂਨ, (ਪੋਸਟ ਬਿਊਰੋ)- ਅਮਰੀਕਾ ਨੇ ਇਸ ਸਾਲ ਦੇ ਅੰਤ ਤੱਕ ਗ੍ਰੀਨ ਕਾਰਡ ਜਾਰੀ ਕਰਨ ਲਈ ਰੋਕ ਲਾ ਦਿਤੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਕਾਰਜਕਾਰੀ ਹੁਕਮ ਨਾਲ ਅਪ੍ਰੈਲ ਤੋਂ ਬਾਅਦ ਦੇ 90 ਦਿਨਾਂ ਲਈ ਗ੍ਰੀਨ ਕਾਰਡ ਜਾਰੀ ਕਰਨਾ ਰੋਕ ਲਾ ਕੇ 31 ਦਸੰਬਰ 2020 ਤੱਕ ਕੋਈ ਕਾਰਡ ਨਾ ਦੇਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਕੁਛ ਸ਼ਰਤਾਂ ਨਾਲ ਅਮਰੀਕਾ ਵਿਚ ਪੱਕੇ ਤੌਰ ਉੱਤੇ ਰਹਿਣ ਤੇ ਕੰਮ ਕਰਨ ਲਈ ਗ੍ਰੀਨ ਕਾਰਡ ਦੀ ਲੋੜ ਹੁੰਦੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਲੋਕਾਂ ਨੂੰ ਨੌਕਰੀਆਂ ਦੇਣਾ ਚਾਹੁੰਦੀ ਹੈ, ਇਸ ਲਈ ਰੋਕ ਲਾਈ ਹੈ। ਗ੍ਰੀਨ ਕਾਰਡ ਦੀ ਰੋਕ ਲਾਉਣ ਪਿੱਛੋਂ ਟਰੰਪ ਨੇ ਕਿਹਾ ਕਿ ਇਹ ਕਦਮ ਉਨ੍ਹਾਂ ਲੱਖਾਂ ਅਮਰੀਕੀਆਂ ਲਈ ਮਦਦਗਾਰ ਹੋਵੇਗਾ, ਜਿਨ੍ਹਾਂ ਦੀ ਨੌਕਰੀ ਕੋਰੋਨਾ ਦੇ ਕਾਰਨ ਖੁੱਸ ਗਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਬੇਰੋਜ਼ਗਾਰੀ ਫਰਵਰੀ ਤੋਂ ਮਈ ਦੇ ਵਿਚਾਲੇ ਕਰੀਬ ਚਾਰ ਗੁਣਾ ਵਧੀ ਤੇ ਲੱਖਾਂ ਅਮਰੀਕੀ ਬੇਰੋਜ਼ਗਾਰ ਹੋਏ ਹਨ।

## ਬਾਦਲ ਅਕਾਲੀ ਦਲ ਦੀ ਕੋਰ ਕਮੇਟੀ ਵਿੱਚ 'ਹਿੰਦੂ ਅਕਾਲੀ ਨੇਤਾ' ਲਈ ਥਾਂ ਹੀ ਨਹੀਂ

ਲੁਧਿਆਣਾ, 24 ਜੂਨ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਹਾਈ ਪਾਵਰ ਕੋਰ ਕਮੇਟੀ ਬਣਾਈ ਤਾਂ ਉਸ ਵਿੱਚ ਬਹੁਤੇ ਜੱਟ ਸਿੱਖ ਅਕਾਲੀ ਨੇਤਾ ਹਨ। ਦਲਿਤ ਭਾਈਚਾਰੇ ਵੱਲੋਂ ਚਰਨਜੀਤ ਸਿੰਘ ਅਟਵਾਲ ਤੋਂ ਬਾਅਦ ਵਿੱਚ ਬੀ ਸੀ ਭਾਈਚਾਰੇ ਵੱਲੋਂ ਜਥੇਦਾਰ ਹੀਰਾ ਸਿੰਘ ਗਾਬੜੀਆ ਨੂੰ ਥਾਂ ਮਿਲੀ ਹੈ, ਪਰ ਪੰਜਾਬ ਵਿੱਚ ਹਿੰਦੂ ਭਾਈਚਾਰੇ ਨਾਲ ਸਬੰਧਤ ਅਕਾਲੀ ਦਲ ਵਿਚਲੇ ਦੋ ਦਰਜਨ ਦੇ ਕਰੀਬ ਕਿਸੇ ਨੇਤਾਵਾਂ ਨੂੰ ਕੋਰ ਕਮੇਟੀ ਵਿੱਚ ਥਾਂ ਨਾ ਮਿਲਣ 'ਤੇ ਹਿੰਦੂ ਨੇਤਾ ਇੱਕ-ਦੂਸਰੇ ਕੋਲ ਘੁਸਰ-ਮੁਸਰ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2012 ਦੀਆਂ ਵਿਧਾਨ ਸਭਾ ਚੋਣਾਂ 'ਚ ਇੱਕ ਦਰਜਨ ਦੇ ਕਰੀਬ ਹਿੰਦੂ ਚਹੇਤਿਆਂ ਨੂੰ ਟਿਕਟਾਂ ਦੇ ਕੇ ਰਾਜਸੀ ਚਾਲ ਚੱਲੀ ਸੀ, ਜਿਨ੍ਹਾਂ ਵਿੱਚੋਂ ਸੰਗਰੂਰ ਤੋਂ ਪ੍ਰਕਾਸ਼ ਚੰਦ ਗਰਗ, ਡੇਰਾ ਬੱਸੀ ਤੋਂ ਐਨ ਕੇ ਸ਼ਰਮਾ, ਮਾਨਸਾ ਤੋਂ ਪ੍ਰੇਮ ਮਿੱਤਲ, ਬਠਿੰਡਾ ਤੋਂ ਸਰੂਪ ਚੰਦ ਸਿੰਗਲਾ, ਫਰੀਦਕੋਟ ਤੋਂ ਦੀਪ ਮਲੀਹੋਤਰਾ ਅਤੇ ਬਲਾਚੌਰ ਤੋਂ ਚੌਧਰੀ ਨੰਦ ਲਾਲ ਵਰਗੇ ਜਿੱਤ ਵੀ ਗਏ ਸਨ। ਇਸੇ ਤਰ੍ਹਾਂ ਐਸ ਸੀ ਸੀਟਾਂ ਉੱਤੇ ਵੀ ਐੱਸ ਆਰ ਕਲੇਰ ਅਤੇ ਆਦਮਪੁਰ ਤੋਂ ਪਵਨ ਕੁਮਾਰ ਟੀਨੂ ਵਿਧਾਇਕ ਬਣਦੇ ਰਹੇ ਸਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਹਿੰਦੂ ਭਾਈਚਾਰੇ ਨੇ ਅਕਾਲੀ ਦਲ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਦਰਜਨ ਦੇ ਕਰੀਬ ਹਿੰਦੂ ਚਿਹਰੇ ਦਿੱਤੇ ਹਨ, ਪਰ ਉਨ੍ਹਾਂ ਦਾ ਹਾਲ ਉਹੀ ਜਾਣਦੇ ਹਨ। ਇਸ ਬਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਅਸੀਂ ਅਕਾਲੀ ਦਲ ਦੀ ਜਥੇਬੰਦੀ ਵਿੱਚ ਦੋ-ਤਿੰਨ ਨੇਤਾਵਾਂ ਨੂੰ ਮੀਤ ਪ੍ਰਧਾਨ ਤੇ ਸੀਨੀਅਰ ਮੀਤ ਪ੍ਰਧਾਨ ਪਾਇਆ ਹੈ, ਪਰ ਕੋਰ ਕਮੇਟੀ 'ਚ ਕਿਉਂ ਨਹੀਂ ਪਾਇਆ, ਇਸ ਬਾਰੇ ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀਂ ਹੈ।

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000** — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000** — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000** — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000** — Photo Not Available — 7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000** — 7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000** — Photo Not Available — 23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000** — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000** — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000** — Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000** — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000** — 124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500** — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888** — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000** — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਕੋਰੋਨਾ ਦੀ ਫਰਜ਼ੀ ਰਿਪੋਰਟ ਉੱਤੇ ਫਰਜ਼ੀ ਇਲਾਜ ਬਾਰੇ ਛੇ ਜਣਿਆਂ ਉੱਤੇ ਪਰਚਾ ਦਰਜ

ਅੰਮ੍ਰਿਤਸਰ, 24 ਜੂਨ, (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਗੰਭੀਰ ਖਤਰੇ ਦੇ ਦੌਰ ਵਿੱਚ ਅਮੀਰ ਲੋਕਾਂ ਨੂੰ ਫਸਾ ਕੇ ਆਪਣਾ ਕਾਰੋਬਾਰ ਚਮਕਾਉਣ ਦੇ ਚੱਕਰ ਵਿੱਚ ਪਏ ਹੋਏ ਅੰਮ੍ਰਿਤਸਰ ਦੀ ਤੁਲੀ ਲੈਬ ਅਤੇ ਈ ਐੱਮ ਸੀ ਹਸਪਤਾਲ ਦੇ ਮਾਲਕਾਂ ਸਮੇਤ ਛੇ ਜਣਿਆਂ ਉੱਤੇ ਵਿਜੀਲੈਂਸ ਨੇ ਕੇਸ ਦਰਜ ਕਰ ਲਿਆ ਹੈ।

ਵਿਜੀਲੈਂਸ ਬਿਊਰੋ ਦੇ ਮੁਤਾਬਕ ਕੋਰੋਨਾ ਵਾਇਰਸ ਦੀ ਝੂਠੀ ਪਾਜ਼ੇਟਿਵ ਰਿਪੋਰਟ ਬਣਾਉਣ ਪਿੱਛੋਂ ਫਰਜ਼ੀ ਇਲਾਜ ਕਰ ਕੇ ਇਹ ਲੋਕ ਕਮਾਈ ਕਰ ਰਹੇ ਸਨ। ਇਸ ਬਾਰੇ ਵਿਜੀਲੈਂਸ ਨੇ ਅੰਮ੍ਰਿਸਰ ਦੇ ਤੁਲੀ ਡਾਇਗਨੋਸਟਿਕ ਲੈਬ ਦੇ ਤਿੰਨ ਡਾਕਟਰਾਂ ਅਤੇ ਈ ਐੱਮ ਸੀ ਹਸਪਤਾਲ ਦੇ ਮਾਲਕ ਪਵਨ ਅਰੋੜਾ ਤੇ ਇਸ ਹਸਪਤਾਲ ਦੇ ਦੋ ਡਾਕਟਰਾਂ ਉੱਤੇ ਇਰਾਦਾ-ਕਤਲ, ਧੋਖਾਧੜੀ, ਡਰ ਪੈਦਾ ਕਰਨ ਅਤੇ ਝੂਠੇ ਦਸਤਾਵੇਜ਼ ਬਣਾਉਣ ਦਾ ਕੇਸ ਦਰਜ ਕਰ ਲਿਆ ਹੈ। ਰਾਜ ਸਰਕਾਰ ਨੇ ਅੰਮ੍ਰਿਤਸਰ ਵਿੱਚ ਵੱਧਦੇ ਕੋਰੋਨਾ ਕੇਸ ਵੇਖਣ ਪਿੱਛੋਂ ਮਜੀਠਾ ਰੋਡ ਦੀ ਤੁਲੀ ਲੈਬ ਨੂੰ ਕੋਵਿਡ-19 ਦੇ ਟੈਸਟ ਦੀ ਮਨਜ਼ੂਰੀ ਦਿੱਤੀ ਸੀ। ਵਿਜੀਲੈਂਸ ਵਲੋਂ ਦਰਜ ਕੇਸ ਮੁਤਾਬਕ ਤੁਲੀ ਲੈਬ ਦੇ ਮਾਲਕ ਡਾ. ਰੋਬਿਨ ਤੁਲੀ ਨੇ ਟੈਸਟ ਕਰਵਾਉਣ ਵਾਲੇ ਅਮੀਰ ਲੋਕਾਂ ਦੀ ਝੂਠੀ ਪਾਜ਼ੇਟਿਵ ਰਿਪੋਰਟ ਬਣਾ ਕੇ ਉਨ੍ਹਾਂ ਦੇ ਫਰਜ਼ੀ ਇਲਾਜ ਦੇਣ ਲਈ ਈ ਐੱਮ ਸੀ ਹਸਪਤਾਲ ਦੇ ਡਾਕਟਰਾਂ ਨਾਲ ਗੰਢਤੁੱਪ ਕੀਤੀ ਅਤੇ ਸਾਧਾਰਨ ਲੋਕਾਂ ਨੂੰ ਕੋਰੋਨਾ ਦੇ ਪਾਜ਼ੇਟਿਵ ਬਣਾ ਕੇ ਇਸ ਹਸਪਤਾਲ ਭੇਜ ਕੇ ਇਲਾਜ ਕਰਨ ਦਾ ਡਰਾਮਾ ਕੀਤਾ ਸੀ। ਇਨ੍ਹਾਂ ਲੋਕਾਂ ਨੂੰ ਸੱਤ ਦਿਨ ਫਰਜ਼ੀ ਇਲਾਜ ਤੋਂ ਬਾਅਦ ਫਿਰ ਕੋਵਿਡ-19 ਟੈਸਟ ਕਰਵਾ ਕੇ ਰਿਪੋਰਟ ਨੈਗੇਟਿਵ ਦੱਸੀ ਜਾਂਦੀ ਸੀ। ਉਦੋਂ ਤਕ ਉਨ੍ਹਾਂ ਤੋਂ ਫਰਜ਼ੀ ਇਲਾਜ ਦੇ ਬਹਾਨੇ ਲੱਖਾਂ ਰੁਪਏ ਲੈ ਲਏ ਜਾਂਦੇ ਸਨ।

ਐੱਸ ਐੱਸ ਪੀ ਵਿਜੀਲੈਂਸ ਪਰਮਪਾਲ ਸਿੰਘ ਦੇ ਦੱਸਣ ਮੁਤਾਬਕ ਡਾ. ਮਹਿੰਦਰ ਸਿੰਘ, ਡਾ. ਰਿਧਿਮਾ ਤੁਲੀ, ਡਾ. ਸੰਜੇ ਪਿਪਲਾਨੀ, ਡਾ. ਰੋਬਿਨ ਤੁਲੀ, ਪਵਨ ਅਰੋੜਾ ਅਤੇ ਡਾ. ਪੰਕਜ ਸੋਨੀ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਆਈਆਂ ਸ਼ਿਕਾਇਤਾਂ ਮਗਰੋਂ ਜਾਂਚ ਪਿੱਛੋਂ ਕੇਸ ਦਰਜ ਕੀਤਾ ਗਿਆ ਹੈ। ਸਾਰੇ ਦੋਸ਼ੀ ਹਾਲੇ ਫਰਾਰ ਹਨ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ।

ਇਸ ਦੌਰਾਨ 'ਜੈ ਹੋ ਕਲੱਬ' ਦੇ ਪ੍ਰਧਾਨ ਵਿੱਕੀ ਦੱਤਾ ਨੇ ਦੋਸ਼ ਲਾਏ ਸਨ ਕਿ ਉਨ੍ਹਾਂ ਦੇ ਸਹੁਰੇ ਦੀ ਕੋਰੋਨਾ ਰਿਪੋਰਟ ਭਸੀਨ ਲੈਬ ਤੋਂ ਪਾਜ਼ੇਟਿਵ ਆਈ ਤਾਂ ਉਨ੍ਹਾਂ ਨੂੰ ਈ ਐੱਮ ਸੀ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਸੀ। ਫਿਰ ਈ ਐੱਮ ਸੀ ਹਸਪਤਾਲ ਦੇ ਮਾਲਕ ਪਵਨ ਅਰੋੜਾ ਨੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਕੋਵਿਡ-19 ਦੇ ਟੈਸਟ ਤੁਲੀ ਲੈਬ ਕਰਾਉਣ ਨੂੰ ਕਿਹਾ ਤਾਂ ਲੈਬ ਰਿਪੋਰਟ ਵਿੱਚ ਉਨ੍ਹਾਂ ਦੀ ਪਤਨੀ, ਮਾਂ, ਸਾਲੇ ਅਤੇ ਸਾਲੇ ਦੀ ਪਤਨੀ ਨੂੰ ਪਾਜ਼ੇਟਿਵ ਦੱਸਿਆ ਗਿਆ। ਜਦੋਂ ਉਨ੍ਹਾਂ ਨੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਟੈਸਟ ਕਰਵਾਏ ਤਾਂ ਨੈਗੇਟਿਵ ਨਿਕਲੇ। ਸਰਕਾਰੀ ਮੈਡੀਕਲ ਕਾਲਜ ਵਿੱਚ ਪੀ ਜੀ ਕਰ ਰਹੀ ਇੱਕ ਗਰਭਵਤੀ ਮਹਿਲਾ ਡਾਕਟਰ ਨੂੰ ਵੀ ਤੁਲੀ ਲੈਬ ਨੇ ਕੋਰੋਨਾ ਪਾਜ਼ੇਟਿਵ ਕਿਹਾ। ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਦੇ ਆਈਸੋਲੇਸ਼ਨ ਵਾਰਡ ਵਿੱਚ ਦਾਖਲ ਕੀਤਾ ਗਿਆ, ਜਿੱਥੇ ਪਹਿਲਾਂ ਪਾਜ਼ੇਟਿਵ ਕੇਸ ਦਾਖਲ ਸਨ, ਪਰ ਸਰਕਾਰੀ ਮੈਡੀਕਲ ਕਾਲਜ ਦੀ ਇਨਫਲੂਐਂਜਾ ਲੈਬ ਵਿੱਚ ਉਸ ਦੀ ਰਿਪੋਰਟ ਨੈਗੇਟਿਵ ਆਈ। ਮਹਿਲਾ ਡਾਕਟਰ ਨੇ ਵੀ ਦੋਸ਼ ਲਾਇਆ ਸੀ ਕਿ ਉਸ ਨੂੰ ਕੋਰੋਨਾ ਮਰੀਜ਼ਾਂ ਨਾਲ ਰੱਖ ਕੇ ਉਸ ਦੀ ਜਾਨ ਖਤਰੇ ਵਿੱਚ ਪਾਈ ਗਈ ਹੈ।



# REQUEST FOR PROPOSAL (RFP)

## PEEL DISTRICT SCHOOL BOARD

5650 Hurontario Street
Mississauga, Ontario, L5R 1C6

## RFPMC20-4494

## For the Services of an Integrity Commissioner

**CLOSING DATE:** Monday, July 6, 2020 @ 3:00 p.m.

This RFP is now available for electronic download from the Bonfire portal at

**https://peelsb.bonfirehub.ca/**

and from the Biddingo portal at

**www.biddingo.com**

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org

## ਅਕਾਲੀ ਦਲ ਨੇ ਮੰਤਰੀ ਰਾਣਾ ਸੋਢੀ ਨੂੰ ਬਰਖਾਸਤ ਕਰਨ ਦੀ ਮੰਗ ਚੁੱਕੀ

ਚੰਡੀਗੜ੍ਹ, 24 ਜੂਨ (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਦੀ ਕੋਰ ਕਮੇਟੀ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਤੇਲ ਦੀਆਂ ਕੀਮਤਾਂ 'ਚ ਕਟੌਤੀ ਕਰਨ ਤੇ ਨਾਜਾਇਜ਼ ਡਿਸਟਿਲਰੀ ਦੇ ਵੇਰਵੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨਾਲ ਸਾਂਝੇ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਕੋਰ ਕਮੇਟੀ ਨੇ ਖੇਡ ਮੰਤਰੀ ਰਾਣਾ ਗੁਰਮੀਤ ਸੋਢੀ ਦੇ ਪਰਵਾਰ ਵੱਲੋਂ ਜ਼ਮੀਨ ਦਾ ਦੁੱਗਣਾ ਮੁਆਵਜ਼ਾ ਲੈਣ ਦੇ ਦੋਸ਼ ਹੇਠ ਉਸ ਨੂੰ ਮੰਤਰੀ ਮੰਡਲ ਤੋਂ ਬਰਖਾਸਤ ਕਰਨ, ਬਠਿੰਡਾ ਥਰਮਲ ਪਲਾਂਟ ਦੀ ਜ਼ਮੀਨ ਦੀ ਨਿਲਾਮੀ ਨਾ ਕਰਨ ਅਤੇ ਮੇਅਰਾਂ ਦੀਆਂ ਸ਼ਕਤੀਆਂ ਵਧਾਉਣ ਦੀ ਮੰਗ ਕੀਤੀ ਹੈ। ਇਸ ਸੰਬੰਧ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਸਾਨਾਂ ਦੇ ਨਾਲ ਇੰਡਸਟਰੀ, ਵਪਾਰ ਤੇ ਆਮ ਲੋਕ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਰ-ਵਾਰ ਹੋਏ ਵਾਧੇ ਨਾਲ ਪਿਸ ਰਹੇ ਹਨ। ਉਨ੍ਹਾਂ ਕਿਹਾ ਕਿ ਸਮਾਜ ਦੇ ਸਾਰੇ ਵਰਗ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਭਾਰ ਮਹਿਸੂਸ ਕਰ ਰਹੇ ਹਨ, ਕਿਉਂਕਿ ਡੀਜ਼ਲ ਦੀਆਂ ਕੀਮਤਾਂ ਵਿੱਚ 9.21 ਰੁਪਏ ਲੀਟਰ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ 8.55 ਰੁਪਏ ਲੀਟਰ ਵਾਧਾ ਕੀਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੈਟ ਵਿੱਚ ਪੈਟਰੋਲ ਉਤੇ 3.20 ਰੁਪਏ ਅਤੇ ਡੀਜ਼ਲ 'ਤੇ 2.53 ਰੁਪਏ ਦਾ ਵਾਧਾ ਵਾਪਸ ਲੈਣ ਲਈ ਵੀ ਕਿਹਾ ਗਿਆ ਹੈ। ਮੀਟਿੰਗ ਦੌਰਾਨ ਪੁਲਸ ਵੱਲੋਂ ਘਨੌਰ ਨਾਜਾਇਜ਼ ਸ਼ਰਾਬ ਕੇਸ ਦੀਆਂ ਫਾਈਲਾਂ ਈ ਡੀ ਨੂੰ ਨਾ ਦੇਣ ਉਤੇ ਚਿੰਤਾ ਪ੍ਰਗਟਾਈ ਗਈ ਹੈ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 2017 ਦੀਆਂ ਚੋਣਾਂ ਤੋਂ ਪਹਿਲਾਂ ਬਠਿੰਡਾ ਥਰਮਲ ਪਲਾਂਟ ਚਲਾਉਣ ਦਾ ਵਾਅਦਾ ਕੀਤਾ ਸੀ, ਪਰ ਕਾਂਗਰਸ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਉਲਟ ਪਾਸੇ ਭੂਮਿਕਾ ਅਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਇਸ ਦੀ 1764 ਏਕੜ ਜ਼ਮੀਨ ਨਿਲਾਮ ਕਰਨ ਦਾ ਫੈਸਲਾ ਲਿਆ ਹੈ। ਕੋਰ ਕਮੇਟੀ ਨੇ ਸਰਕਾਰ ਨੂੰ ਆਪਣਾ ਫੈਸਲਾ ਬਦਲਣ ਅਤੇ ਨਿਲਾਮੀ ਰੋਕਣ ਲਈ ਕਿਹਾ ਹੈ। ਇਸ ਮੌਕੇ ਕੋਰ ਕਮੇਟੀ ਨੇ ਸਰਕਾਰ ਵੱਲੋਂ ਨਗਰ ਨਿਗਮਾਂ ਦੇ ਕਮਿਸ਼ਨਰ ਲੱਗਣ ਵਾਲੇ ਆਈ ਏ ਐਸ ਅਫਸਰਾਂ ਦੀ ਸਾਲਾਨਾ ਏ ਸੀ ਆਰ ਲਿਖਣ ਦੇ ਅਧਿਕਾਰ ਮੇਅਰਾਂ ਤੋਂ ਵਾਪਸ ਲੈਣ ਦੇ ਫੈਸਲੇ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਮੇਅਰ ਲੋਕਾਂ ਨੂੰ ਜਵਾਬਦੇਹ ਹਨ ਤੇ ਉਨ੍ਹਾਂ ਦੀਆਂ ਸ਼ਕਤੀਆਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ।

## ਆਪਣੇ ਆਪ ਨੂੰ ਫਸਦਾ ਦੇਖ ਸਿੱਧੂ ਮੂਸੇਵਾਲਾ ਆਈ ਜੀ ਕੋਲ ਪੁੱਜਾ

ਪਟਿਆਲਾ, 24 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਰਫਿਊ ਦੌਰਾਨ ਇੱਕ ਗੀਤ ਦੀ ਸ਼ੂਟਿੰਗ ਸਮੇਂ ਏ ਕੇ 47 ਚਲਾਉਣ ਦੇ ਕੇਸ ਵਿੱਚ ਨਾਮਜ਼ਦ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਆਪਣੇ ਆਪ ਨੂੰ ਫਸਦਾ ਵੇਖ ਇਸ ਵਾਰੀ ਆਈ ਜੀ ਪਟਿਆਲਾ ਦੇ ਦਰਬਾਰ ਪੁੱਜ ਗਿਆ ਹੈ। ਓਥੇ ਉਸ ਨੇ ਡੇਢ ਮਹੀਨੇ ਚੱਲੀ ਜਾਂਚ ਦੋਬਾਰਾ ਕਰਵਾਉਣ ਦੀ ਮੰਗ ਕੀਤੀ ਹੈ, ਜਿਸ ਉੱਤੇ ਆਈ ਜੀ ਨੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਿੱਧੂ ਮੂਸੇਵਾਲਾ ਦੇ ਖਿਲਾਫ ਪਹਿਲਾਂ ਕਰਫਿਊ ਦੀ ਉਲੰਘਣਾ ਦਾ ਕੇਸ ਬਣਿਆ ਸੀ, ਜਿਸ ਤੋਂ ਬਾਅਦ ਉਸ ਨੂੰ ਆਰਮਜ਼ ਐਕਟ ਹੇਠ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ ਕੇਸਾਂ ਦੀ ਜਾਂਚ ਦੌਰਾਨ ਮੂਸੇਵਾਲਾ ਖਿਲਾਫ 120 ਬੀ ਦੀ ਧਾਰਾ ਦਾ ਵਾਧਾ ਕੀਤਾ ਗਿਆ ਤਾਂ ਉਹ ਆਈ ਜੀ ਪਟਿਆਲਾ ਜਤਿੰਦਰ ਸਿੰਘ ਔਲਖ ਕੋਲ ਪੁੱਜ ਗਿਆ ਅਤੇ ਜਾਂਚ ਅਧਿਕਾਰੀ 'ਤੇ ਸਹੀ ਕਾਰਵਾਈ ਨਾ ਕਰਨ ਦੇ ਦੋਸ਼ ਲਾ ਦਿੱਤੇ, ਜਿਸ ਪਿੱਛੋਂ ਆਈ ਜੀ ਨੇ ਸੰਗਰੂਰ ਤੇ ਬਰਨਾਲਾ ਦੋਵਾਂ ਕੇਸਾਂ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ, ਜਿਹੜੀ ਸਿੱਧੂ ਮੂਸੇਵਾਲਾ ਖਿਲਾਫ ਜਾਂਚ ਕਰੇਗੀ ਤੇ ਪੁਰਾਣੇ ਅਧਿਕਾਰੀਆਂ ਨੂੰ ਇਸ ਦੀ ਜਾਂਚ ਤੋਂ ਹਟਾ ਦਿੱਤਾ ਗਿਆ ਹੈ। ਉਂਜ ਬੀਤੇ ਡੇਢ ਮਹੀਨੇ ਦੌਰਾਨ ਸਿੱਧੂ ਮੂਸੇਵਾਲਾ ਖਿਲਾਫ ਦੋਸ਼ਾਂ ਵਿੱਚ ਲੱਗੀਆਂ ਧਾਰਾਵਾਂ ਤੋਂ ਵੱਧ ਪੁਲਸ ਦੀਆਂ ਮਿਹਰਬਾਨੀਆਂ ਦਿੱਸੀਆਂ ਹਨ। ਕਈ ਮਹੀਨੇ ਤੋਂ ਵੀਡੀਓ ਵਾਇਰਲ ਹੋਣ ਦੇ ਬਾਵਜੂਦ ਪਹਿਲਾਂ ਸਿਰਫ ਕਰਫਿਊ ਉਲੰਘਣਾ ਦਾ ਕੇਸ ਦਰਜ ਕੀਤਾ ਗਿਆ ਤੇ ਫਿਰ ਹਾਈ ਕੋਰਟ ਦੇ ਵਕੀਲ ਵੱਲੋਂ ਅਰਜ਼ੀ ਦਾਇਰ ਕਰਨ ਤੋਂ ਬਾਅਦ ਅਸਲਾ ਐਕਟ ਦਾ ਕੇਸ ਦਰਜ ਕੀਤਾ ਗਿਆ, ਪਰ ਗ੍ਰਿਫਤਾਰੀ ਨਹੀਂ ਕੀਤੀ ਗਈ। ਜਾਂਚ ਮਸੂੇਵਾਲਾ ਦੇ ਖਿਲਾਫ ਹੋਈ ਤਾਂ ਇੱਕ ਮਹੀਨੇ ਬਾਅਦ ਬਰਨਾਲਾ ਪੁਲਸ ਤੋਂ ਜਾਂਚ ਵਾਪਸ ਲੈ ਕੇ ਜ਼ਿੰਮੇਵਾਰੀ ਐਸ ਐਸ ਪੀ ਸੰਗਰੂਰ ਨੂੰ ਸੌਂਪ ਦਿੱਤੀ ਗਈ ਅਤੇ ਕੇਸ ਦਰਜ ਹੋਣ ਤੋਂ ਬਾਅਦ ਕਰੀਬ ਡੇਢ ਮਹੀਨੇ ਬਾਅਦ ਪੁਲਸ ਨੇ ਹਥਿਆਰਾਂ ਨੂੰ ਕਬਜ਼ੇ ਵਿੱਚ ਲੈ ਕੇ ਪੜਤਾਲ ਸ਼ੁਰੂ ਨਹੀਂ ਕੀਤੀ। ਹਾਈ ਕੋਰਟ ਦੇ ਵਕੀਲ ਰਵੀ ਜੋਸ਼ੀ ਵੱਲੋਂ ਮੂਸੇਵਾਲਾ ਖਿਲਾਫ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਤੋਂ ਬਾਅਦ ਬਰਨਾਲਾ ਪੁਲਸ ਨੇ ਅਸਲਾ ਐਕਟ ਦੀ ਧਾਰਾ ਵਿੱਚ ਵਾਧਾ ਕੀਤਾ ਸੀ। ਵਕੀਲ ਜੋਸ਼ੀ ਨੇ ਕਿਹਾ ਕਿ ਬਰਨਾਲਾ ਕੋਰਟ ਵਿੱਚ ਮੰਗਲਵਾਰ ਨੂੰ ਇਸ ਕੇਸ ਵਿੱਚ ਨਾਮਜ਼ਦ ਇੰਦਰਵੀਰ ਤੇ ਕਰਮ ਸੁਖਬੀਰ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਲੱਗੀ ਹੋਈ ਸੀ, ਅੱਗੋਂ ਇਹ ਸੁਣਵਾਈ 25 ਜੂਨ ਨੂੰ ਹੋਵੇਗੀ। ਆਈ ਜੀ ਜਤਿੰਦਰ ਸਿੰਘ ਔਲਖ ਦਾ ਕਹਿਣਾ ਹੈ ਕਿ ਮੂਸੇਵਾਲਾ ਨੇ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਸਿੱਟ ਕਾਇਮ ਕੀਤੀ ਗਈ ਹੈ, ਜਿਹੜੀ ਅਗਲੀ ਪੜਤਾਲ ਕਰੇਗੀ, ਉਸ ਦੀ ਰਿਪੋਰਟ ਵਿੱਚ ਸਭ ਕੁਝ ਸਾਫ ਹੋ ਜਾਵੇਗਾ।

# Peace and multiculturalism have deep roots in Canada




BY: Surjit Singh Flora

On July 1, Canadians celebrate Canada Day, which memorializes the act of Confederation, the day Canada became its own nation. It was snowing and bone-chillingly cold when I arrived in Canada in Nov. 1989. A snowstorm just hit Toronto, and there were 20 centimeters of snow on the road, something I'd never seen in India. It was a warm welcome from a strange new country, and Canada instantly won my heart.

My Canadian education started in Grade 8; my English was very poor at the time. They wanted to put me in ESL, but I resisted it. How could I prove my English in a class full of students who also couldn't speak English? I wanted to be in regular English classes with Canadian-born kids.

I managed to convince my school to let take math and science two years above my grade. It was terrifying when I first got into the school system. I was shy, nervous, and felt very alone. Nobody wanted to do group work with me because my English was poor. I had no friends. But I never let that bother me. Ignore negative people and actively seek out those willing to support you.

I sought those people and took full advantage of any support I could get. That really paid off. My heartfelt advice to any newcomer to Canada is be courageous, don't lose hope and work hard! Be your own advocate; when others doubt what




you're capable of, show them. Cold weather, overly apologetic people and hockey are internationally recognized symbols, but this great nation has so much to offer newcomers. I've been in Canada for 30 years, and I'm happy to be celebrating Canada's 153rd birthday. But in light of the COVID-19 pandemic, the Governments, leaders and health officials are advising Canadians to gather virtually to celebrate Canada's 153rd birthday, as government's top priority of keeping people safe. The virtual event will allow residents and online guests to safely mark this national holiday from the comfort of their homes, yards and patios.

I'm glad I chose Canada because of the beautiful, helpful Canadians I've met along my journey. Canada is prosperous as a nation because it's a country founded and built by people who came here by choice. People who immigrated here for the chance at a new life, who've worked hard to create it and generation by generation, built a tolerant society. Peace has deep roots in Canada. It's a country where people are free to express themselves in whatever way they choose. We're free to choose our language, religion, political beliefs, who we love and how we dress.

All Canadians are granted these freedoms, and we depend on a fair judicial system to protect these rights. It's fascinating living in a multicultural environment like the Greater Toronto Area, especially as a journalist. I have the opportunity to meet people with very different backgrounds and learn about their cultures.

That multicultural spirit is what Canada stands for, and it's what makes us great. Canadians include everybody, respect everybody and give equality to all, regardless of where they're from. However, circumstances have changed for people who live in Quebec, as their government passed Bill 21, which prohibits public service workers from wearing religious symbols or garb during office hours. Public service workers such as teachers, police officers and judges are affected by the new law in an attempt to keep public institutions secular. Religious items such as hijabs, kippahs, turbans and crucifixes are all banned.

Current employees are exempt from the new legislation. Besides that, Canada is still one of the most significant countries in the world. Four seasons, beautiful landscapes, love, peace, hockey, free healthcare—all in abundance. Not to mention support for people with various physical handicaps or intellectual disabilities, for free. Canada is my home now, and I have deep fondness and love for this country. It's given me hundreds of special moments and incredible friends and acquaintances.

I am proud to be a Canadian and happy Canada Day to all!

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹਿੰਸਾ ਕਰਨ ਵਾਲਿਆਂ ਨੂੰ ਲੰਬਾ ਸਮਾਂ ਜੇਲਾਂ ਵਿਚ ਡੱਕਿਆ ਜਾਵੇਗਾ : ਟਰੰਪ

ਵਾਸ਼ਿੰਗਟਨ 24 ਜੂਨ (ਹੁਸਨ ਲੜੋਆ ਬੰਗਾ)- ਲੰਘੇ ਦਿਨ ਵਾਈਟ ਹਾਊਸ ਨੇੜੇ ਕਮਾਂਡਰ ਇਨ ਚੀਫ਼ ਐਂਡਰੀਊ ਜੈਕਸਨ ਦੇ ਬੁੱਤ ਨੂੰ ਨਸ਼ਟ ਕਰਨ ਦਾ ਯਤਨ ਕਰਨ ਵਾਲਿਆਂ ਨੂੰ ਗੁੰਡਾ ਅਨਸਾਰ ਕਰਾਰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਜਿਹੇ ਲੋਕਾਂ ਨੂੰ ਲੰਬਾ ਸਮਾਂ ਜੇਲਾਂ ਵਿਚ ਡੱਕਣ ਦਾ ਵਾਅਦਾ ਕੀਤਾ ਹੈ। ਟਰੰਪ ਨੇ ਕਿਹਾ " ਅਸੀਂ ਅਜਿਹੇ ਅਰਾਜਕਤਾਵਾਦੀਆਂ ਤੇ ਪ੍ਰਦਰਸ਼ਨਕਾਰੀਆਂ ਨੂੰ ਲੰਬੇ ਸਮੇ ਲਈ ਜੇਲਾਂ ਵਿਚ ਭੇਜਣ ਬਾਰੇ ਵਿਚਾਰ ਕਰ ਰਹੇ ਹਾਂ। ਅਜਿਹੇ ਲੋਕਾਂ ਨੂੰ ਤੁਸੀਂ ਜਿਸ ਨਾਂ ਨਾਲ ਮਰਜੀ ਪੁਕਾਰੋ। ਕੁਝ ਲੋਕ ਇਹ ਭਾਸ਼ਾ ਪਸੰਦ ਨਹੀਂ ਕਰਦੇ ਪਰ ਉਹ ਭੈੜੇ ਲੋਕ ਹਨ ਜੋ ਸਾਡੇ ਦੇਸ਼ ਨੂੰ ਪਿਆਰ ਨਹੀਂ ਕਰਦੇ। ਉਹ ਸਾਡੇ ਸਮਾਰਕ ਤਬਾਹ ਨਹੀਂ ਕਰ ਸਕਦੇ। ਮੈ ਇਹ ਸਪੱਸ਼ਟ ਕਰ ਦੇਣਾ ਚਹੁੰਦਾ ਹਾਂ।" ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਸਬੰਧੀ ਬਹੁਤ ਛੇਤੀ ਆਦੇਸ਼ ਜਾਰੀ ਕਰਨਗੇ। ਉਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਮੈਂ ਲਾਅ ਇਨਫੋਰਸਮੈਂਟ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਲਫੇਤੇ ਪਾਰਕ ਵਿਚ ਐਂਡਰੀਊ ਜੈਕਸਨ ਦੇ ਸਮਾਰਕ ਉਪਰ ਹਮਲੇ ਨੂੰ ਰੋਕਿਆ। ਅਜਿਹਾ ਕਰਕੇ ਉਨਾਂ ਨੇ ਵੱਡਾ ਕੰਮ ਕੀਤਾ ਹੈ। ਅਸੀਂ ਇਸ ਸਥਿੱਤੀ ਨਾਲ ਨਿਪਟਣ ਲਈ ਵਾਈਟ ਹਾਊਸ ਦੀ ਗੁਪਤ ਸੇਵਾ ਤੇ ਕੁਝ ਹੋਰ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਾਂ"। ਉਨਾਂ ਕਿਹਾ "ਬਹੁਤ ਸਾਰੇ ਲੋਕ ਜੇਲਾ ਵਿਚ ਹਨ ਤੇ ਅੱਜ ਵੀ ਜੇਲ ਜ ਰਹੇ ਹਨ। ਅਸੀਂ ਉਨਾਂ ਲੋਕਾਂ ਲਈ ਕਾਨੂੰਨ ਤਹਿਤ ਲੰਬੀ ਸਜ਼ਾ ਦੀ ਵਿਵਸਥਾ ਕਰ ਰਹੇ ਹਾਂ। ਸਾਡੇ ਕੋਲ 'ਵਿਸ਼ੇਸ਼ ਸਮਾਰਕ ਕਾਨੂੰਨ' ਹੈ।"



ਕੋਰੋਨਾ ਨੂੰ ਰੋਕਣ ਲਈ ਬਹੁਤ ਵਧੀਆ ਕੰਮ ਕੀਤਾ-

ਹਾਲਾਂ ਕਿ ਦੇਸ਼ ਵਿਚ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਤੇ 1,22,000 ਤੋਂ ਵਧ ਮੌਤਾਂ ਹੋ ਚੁੱਕੀਆਂ ਹਨ, ਪਰ ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਉਸ ਦੇ ਪ੍ਰਸ਼ਾਸਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਉਨਾਂ ਨੇ ਟਵੀਟ ਕੀਤਾ ਹੈ ਕਿ ਚੀਨ ਉਪਰ ਤੁਰੰਤ ਪਾਬੰਦੀ ਲਾਈ ਗਈ, ਵੈਂਟੀਲੇਟਰਾਂ ਦਾ ਉਤਪਾਦਨ ਕੀਤਾ ਗਿਆ ਤੇ ਵੱਡੀ ਪੱਧਰ ਉਪਰ ਟੈਸਟ ਕੀਤੇ ਗਏ। ਇਨਾਂ ਯਤਨਾਂ ਸਦਕਾ ਲੱਖਾਂ ਅਮਰੀਕੀਆਂ ਦੀਆਂ ਜਾਨਾਂ ਨੂੰ ਬਚਾਇਆ ਗਿਆ ਹੈ। ਉਨਾਂਸ਼ਿਕਾਇਤ ਕੀਤੀ ਕਿ ਮੀਡੀਆ ਡਾ ਐਨਥਨੀ ਫੌਕੀ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ ਤੇ ਸਰਕਾਰ ਦੇ ਯਤਨਾਂ ਜਾਂ ਉਨਾਂ ਹੋਰ ਲੋਕਾਂ ਜੋ ਕੋਰੋਨਾਵਾਇਰਸ ਟਾਸਕ ਫੋਰਸ ਵਿਚ ਸ਼ਾਮਿਲ ਹਨ ਜਿਵੇਂ ਉਪ ਰਾਸ਼ਟਰਪਤੀ ਮਾਈਕ ਪੈਨਸ, ਨੂੰ ਉਸ ਪੱਧਰ ਦਾ ਮਹੱਤਵ ਨਹੀਂ ਦਿੱਤਾ ਜਾਂਦਾ। ਇਥੇ ਵਰਣਨਯੋਗ ਹੈ ਕਿ ਡਾ ਫੌਕੀ ਅਲਰਜੀ ਤੇ ਲਾਗ ਵਾਲੀਆਂ ਬਿਮਾਰੀਆਂ ਸਬੰਧੀ ਨੈਸ਼ਨਲ ਇਸੰਟੀਚਿਊਟ ਦੇ ਡਾਇਰੈਕਟਰ ਹਨ ਤੇ ਉਹ ਟਰੰਪ ਪ੍ਰਸ਼ਾਸਨ ਦੇ ਉਲਟ ਕੋਰੋਨਾਵਾਇਰਸ ਫੈਲਣ ਦੀਆਂ ਚਿਤਾਵਨੀਆਂ ਤੇ ਇਹਤਿਆਤ ਵਰਤਣ ਦੀ ਨਿਰੰਤਰ ਸਲਾਹ ਦਿੰਦੇ ਰਹੇ ਹਨ।

# ਉਬਾਮਾ ਨੇ ਡੈਮੋਕਰੈਟਸ ਨੂੰ ਸੁਚੇਤ ਰਹਿਣ ਲਈ ਕਿਹਾ, ਜੋਅ ਬਿਡੇਨ ਲਈ 76 ਲੱਖ ਡਾਲਰ ਇਕੱਠੇ ਕੀਤੇ



ਵਾਸ਼ਿੰਗਟਨ 24 ਜੂਨ (ਹੁਸਨ ਲੜੋਆ ਬੰਗਾ)- ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਰਾਸ਼ਟਰਪਤੀ ਚੋਣ ਸਬੰਧੀ ਡੈਮੋਕਰੈਟਸ ਨੂੰ ਲਾਪਰਵਾਹੀ ਨਾ ਵਰਤਣ ਲਈ ਕਿਹਾ ਹੈ ਤੇ ਚਿਤਾਵਨੀ ਦਿੱਤੀ ਹੈ ਕਿ ਉਹ ਜਿੱਤ ਨੂੰ ਪੱਕਾ ਨਾ ਸਮਝਣ। ਸਾਬਕਾ ਰਾਸ਼ਟਰਪਤੀ ਨੇ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਜੋਅ ਬਿਡੇਨ ਲਈ ਫੰਡ ਇਕੱਠਾ ਕਰਨ ਵਾਸਤੇ ਆਯੋਜਿਤ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਪਾਰਟੀ ਸਮਰਥਕ 2016 ਦੀਆਂ ਚੋਣਾਂ ਤੋਂ ਸਬਕ ਸਿੱਖਣ ਤੇ ਅਵੇਸਲੇ ਨਾ ਹੋਣ। ਉਨਾਂ ਨੇ ਸੁਧਾਰਾਂ ਪ੍ਰਤੀ ਨੌਜਵਾਨਾਂ ਵਿਚ ਪਾਈ ਜਾ ਰਹੀ ਵੱਡੇ ਪੱਧਰ ਉਪਰ ਜਾਗਰੂਕਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਡੀ ਜਿੱਤ ਯਕੀਨੀ ਹੈ। ਉਨਾਂ ਕਿਹਾ ਕਿ ਤਬਦੀਲੀ ਵਿਰੁੱਧ ਵੀ ਬਹੁਤ ਸਾਰੇ ਲੋਕ ਹਨ। ਸਾਬਕਾ ਰਾਸ਼ਟਰਪਤੀ ਨੇ ਅਮਰੀਕਨਾਂ ਦੇ ਵੰਡੇ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਵੰਡ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਦੇ ਹਨ। ਉਹ ਅਮਰੀਕੀਆਂ ਦਾ ਸ਼ੋਸ਼ਣ ਕਰਦੇ ਹਨ। ਉਬਾਮਾ ਨੇ ਹੁਣ ਤੱਕ 1,75,000 ਨਿੱਜੀ ਦਾਨੀਆਂ ਤੋਂ 76 ਲੱਖ ਡਾਲਰ ਜੋਅ ਬਿਡੇਨ ਦੀ ਚੋਣ ਮੁਹਿੰਮ ਲਈ ਇਕੱਤਰ ਕੀਤੇ ਹਨ ਜਿਸ ਤੋਂ ਉਨਾਂ ਦੀ ਅਮਰਕੀ ਸਮਾਜ ਵਿਚ ਮਕਬੂਲੀਅਤ ਦਾ ਵੀ ਪਤਾ ਲੱਗਦਾ ਹੈ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ। ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਸਿਖਿਆ ਉੱਤੇ ਕੋਰੋਨਾ ਦਾ ਪਰਛਾਵ

-ਡਾਕਟਰ ਐੱਸ ਪੀ ਸਿੰਘ

ਕੋਰੋਨਾ ਸੰਕਟ ਦਾ ਪ੍ਰਭਾਵ ਜੀਵਨ ਦੇ ਹਰ ਖੇਤਰ ਉਤੇ ਸਾਫ ਪ੍ਰਗਟ ਹੋ ਰਿਹਾ ਹੈ। ਸਨਅਤ, ਵਪਾਰ, ਖੇਤੀਬਾੜੀ, ਬੇਰੁਜ਼ਗਾਰੀ, ਆਰਥਿਕ ਤੇ ਸਮਾਜਕ ਖੇਤਰ 'ਤੇ ਵੀ ਇਸ ਦਾ ਪ੍ਰਭਾਵ ਪ੍ਰਬਲ ਰੂਪ ਵਿੱਚ ਨਜ਼ਰ ਆਉਂਦਾ ਹੈ। ਵਿਸ਼ਵ ਭਰ 'ਚ ਇਨ੍ਹਾਂ ਸਮੱਸਿਆਵਾਂ ਦੇ ਹੱਲ ਲੱਭਣ ਦੇ ਯਤਨ ਨਿਰੰਤਰ ਜਾਰੀ ਹਨ। ਵਿਸ਼ਵ ਦੇ ਦੂਜੇ ਦੇਸ਼ਾਂ ਦੀ ਤਰ੍ਹਾਂ ਭਾਰਤ ਵਿੱਚ ਵੀ ਕੇਂਦਰ ਅਤੇ ਪ੍ਰਾਂਤਕ ਸਰਕਾਰਾਂ ਆਪੋ ਆਪਣੇ ਹਾਲਾਤ ਮੁਤਾਬਕ ਇਸ ਨਾਲ ਨਜਿੱਠਣ ਲਈ ਯਤਨਸ਼ੀਲ ਹਨ। ਹਰ ਕੋਈ ਸਫਲਤਾ ਜਾਂ ਅਸਫਲਤਾ ਦੇ ਮਾਪਦੰਡ ਹਰ ਵਕਤ ਆਪੋ ਆਪਣੇ ਢੰਗ ਨਾਲ ਵਾਚਣ ਦਾ ਯਤਨ ਕਰਦਾ ਹੈ। ਇਸ ਸੰਬੰਧੀ ਸਰਕਾਰਾਂ ਵੱਲੋਂ ਵੀ ਵੱਡੇ ਪੱਧਰ 'ਤੇ ਵਿੱਤੀ ਮਦਦ ਦਿੱਤੀ ਜਾ ਰਹੀ ਹੈ, ਪਰ ਸਭ ਤੋਂ ਮਹੱਤਵ ਪੂਰਨ ਤੇ ਦੂਰਦਰਸ਼ੀ ਨਤੀਜੇ ਦੇਣ ਵਾਲੇ ਖੇਤਰ ਨੂੰ ਪੂਰਨ ਤੌਰ 'ਤੇ ਵਿਸਾਰਿਆ ਜਾ ਰਿਹਾ ਹੈ। ਇਹ ਖੇਤਰ ਹੈ ਸਿਖਿਆ। ਇਸ ਦੇ ਸੰਦਰਭ ਵਿੱਚ ਕੇਂਦਰ ਤੇ ਪ੍ਰਾਂਤਕ ਸਰਕਾਰ ਕਿਸੇ ਤਰ੍ਹਾਂ ਦੀ ਨੀਤੀ 'ਤੇ ਅਮਲ ਦੇ ਪੈਂਤੜੇ ਨਿਰਧਾਰਤ ਕਰਨ ਵੱਲ ਸੋਚ ਹੀ ਨਹੀਂ ਰਹੀ।

ਸਪੱਸ਼ਟ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਸਰਕਾਰਾਂ ਵੱਲੋਂ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਬੰਦ ਰੱਖਣ ਤੋਂ ਬਿਨਾ ਕਿਸੇ ਕਿਸਮ ਦੇ ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ। ਭਾਰਤ ਦੇ ਸਰਬਪੱਖੀ ਵਿਕਾਸ ਦਾ ਕੇਂਦਰੀ ਧੁਰਾ ਸਿਖਿਆ ਨੂੰ ਦੱਸਿਆ ਜਾ ਰਿਹਾ ਹੈ। ਵਿਸ਼ਵ ਭਰ ਦੇ ਦੇਸ਼ ਹਰ ਸੰਕਟ ਸਮੇਂ ਸਿਖਿਆ ਦੇ ਮਹੱਤਵ ਨੂੰ ਕਦੇ ਵੀ ਨਹੀਂ ਭੁਲਾਉਂਦੇ, ਪਰ ਮੌਜੂਦਾ ਸਥਿਤੀ ਵਿੱਚ ਇਸ ਨੂੰ ਪੂਰਨ ਤੌਰ 'ਤੇ ਵਿਸਾਰਿਆ ਜਾ ਰਿਹਾ ਹੈ। ਇਸ ਸਥਿਤੀ ਨੂੰ ਸਮਝਣ ਲਈ ਇਜ਼ਰਾਈਲ ਤੇ ਵੀਅਤਨਾਮ ਦੀ ਮਿਸਾਲ ਦਿੱਤੀ ਜਾ ਸਕਦੀ ਹੈ।

ਯਹੂਦੀ ਕੌਮ ਸੈਂਕੜੇ ਸਾਲ ਦਰ-ਦਰ ਭਟਕਦੀ ਤੇ ਆਪਣੀ ਧਰਤੀ ਦੀ ਤਲਾਸ਼ ਵਿੱਚ ਜੂਝਦੀ ਰਹੀ, ਪਰ ਯਹੂਦੀਆਂ ਦੇ ਨੇਤਾਵਾਂ ਨੇ ਆਪਣੇ ਬੱਚਿਆਂ ਨੂੰ ਉੱਚ ਪੱਧਰ ਦੀ ਸਿਖਿਆ ਪ੍ਰਦਾਨ ਕਰਨ ਦੇ ਯਤਨਾਂ ਨੂੰ ਕਦੇ ਅੱਖੋਂ-ਪਰੋਖੇ ਨਹੀਂ ਕੀਤਾ। ਫਲਸਰੂਪ ਇਜ਼ਰਾਈਲ ਦੀ ਸਥਾਪਨਾ ਪਿੱਛੋਂ ਯਹੂਦੀ ਕੌਮ ਨੇ ਜਿਹੜੀ ਅਮੀਰੀ ਦੇ ਸਿਰ 'ਤੇ ਉਸ ਨੇ ਵਿਸ਼ਵ ਭਰ 'ਚ ਉਚ ਪੱਧਰ ਦੀਆਂ ਪ੍ਰਾਪਤੀਆਂ ਕੀਤੀਆਂ, ਉਹ ਕਿਸੇ ਤੋਂ ਭੁੱਲੀਆਂ ਨਹੀਂ। ਇਸੇ ਤਰ੍ਹਾਂ ਵੀਅਤਨਾਮ ਨੇ ਅਮਰੀਕਾ ਵਰਗੀ ਵੱਡੀ ਸ਼ਕਤੀ ਨਾਲ ਸਾਲਾਂ ਬੱਧੀ ਜੰਗ ਲੜੀ, ਪਰ ਸਿਖਿਆ ਨੂੰ ਨਹੀਂ ਵਿਸਾਰਿਆ। ਸੰਘਰਸ਼ ਦੇ ਦਿਨਾਂ ਵਿੱਚ ਵੀ ਸੁਰੰਗਾਂ ਰਾਹੀਂ ਧਰਤੀ ਦੇ ਅੰਦਰ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਚਲਾ ਕੇ ਅਗਲੀ ਪੀੜ੍ਹੀ ਨੂੰ ਗਿਆਨ ਅਤੇ ਵਿਗਿਆਨ ਨਾਲ ਜੋੜੀ ਰੱਖਿਆ। ਭਾਰਤ ਦੀ ਸਥਿਤੀ ਇਹ ਹੈ ਕਿ ਹਰ ਸੰਕਟ ਸਮੇਂ ਸਭ ਤੋਂ ਵੱਡਾ ਧੱਕਾ ਸਿਖਿਆ ਦੇ ਖੇਤਰ ਨਾਲ ਕੀਤਾ ਜਾਂਦਾ ਹੈ। ਮੌਜੂਦਾ ਦੌਰ ਵਿੱਚ ਵਿਦਿਆਰਥੀਆਂ ਦਾ ਕੀ ਭਵਿੱਖ ਹੈ? ਏਥੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ 'ਤੇ ਗੰਭੀਰ ਚਰਚਾ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਗਈ। ਡੰਗ ਟਪਾਊ ਨੀਤੀ ਹੇਠ ਸਕੂਲ, ਕਾਲਜ, ਯੂਨੀਵਰਸਿਟੀਆਂ ਵਿਦਿਆਰਥੀਆਂ ਲਈ ਹੀ ਨਹੀਂ, ਅਧਿਆਪਕਾਂ ਤੇ ਕਰਮਚਾਰੀਆਂ ਲਈ ਵੀ ਬੰਦ ਕਰ ਦਿੱਤੀਆਂ ਹਨ। ਇਨ੍ਹਾਂ ਨੂੰ ਬੰਦ ਰੱਖਣ ਦੀ ਹੱਦ ਵੀ ਤੈਅ ਨਹੀਂ। ਭਵਿੱਖ ਮੁਖੀ ਕੀ ਪੈਂਤੜਾ ਅਪਣਾਉਣਾ ਹੈ? ਇਸ ਬਾਰੇ ਗੰਭੀਰਤਾ ਨਾਲ ਕਿਸੇ ਕਿਸਮ ਦੀ ਚਰਚਾ ਨਹੀਂ ਕੀਤੀ ਗਈ। ਇਸ ਹਾਲਤ ਵਿੱਚ ਸਿਖਿਆ ਪ੍ਰਬੰਧ ਤੇ ਇਸ ਨਾਲ ਜੁੜੇ ਸਰੋਕਾਰਾਂ ਸੰਬੰਧੀ ਚਰਚਾ ਜ਼ਰੂਰੀ ਹੈ।

ਸਿਖਿਆ ਪ੍ਰਬੰਧ ਵਿੱਚ ਅਧਿਆਪਕ, ਵਿਦਿਆਰਥੀ ਤੇ ਯੂਨੀਵਰਸਿਟੀਆਂ ਸ਼ਾਮਲ ਹਨ। ਇਨ੍ਹਾਂ ਤਿੰਨਾਂ ਧਿਰਾਂ ਨੂੰ ਮਿਲ ਕੇ ਮੌਜੂਦਾ ਸਥਿਤੀ ਵਿੱਚ ਪ੍ਰੀਖਿਆ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਓਥੇ ਸਕੂਲਾਂ-ਕਾਲਜਾਂ ਦਾ ਪ੍ਰਬੰਧ ਚਲਾਉਣ ਲਈ ਵਿੱਤੀ ਸੰਕਟ ਨੂੰ ਵੀ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ। ਸਕੂਲਾਂ, ਕਾਲਜਾਂ ਵਿੱਚ ਵਿਦਿਆਰਥੀਆਂ ਲਈ ਛੁੱਟੀਆਂ ਹਨ। ਇਸ ਲਈ ਨਾ ਸਿੱਧੇ ਤੌਰ 'ਤੇ ਅਧਿਆਪਨ ਅਤੇ ਨਾ ਹੀ ਖੋਜ ਦਾ ਮਾਹੌਲ ਬਣਾਇਆ ਗਿਆ ਹੈ। ਆਨਲਾਈਨ ਪੜ੍ਹਾਈ ਦਾ ਪ੍ਰਬੰਧ ਵੀ ਅਧੂਰਾ ਹੈ। ਇਸ ਸਥਿਤੀ 'ਚ ਮਾਪੇ, ਜੋ ਕਾਫੀ ਹੱਦ ਤੱਕ ਪਹਿਲਾਂ ਹੀ ਆਰਥਿਕ ਮੁਸ਼ਕਲਾਂ ਦਾ ਸ਼ਿਕਾਰ ਹਨ, ਫੀਸ ਦੇਣ ਤੋਂ ਅਸਮਰਥ ਹਨ। ਦੂਜੇ ਪਾਸੇ ਪ੍ਰਬੰਧਕ ਕਮੇਟੀਆਂ ਤੇ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਅਧਿਆਪਕਾਂ ਤੇ ਹੋਰ ਸਟਾਫ ਨੂੰ ਤਨਖਾਹ ਦੀ ਅਦਾਇਗੀ ਕਰੇ, ਪਰ ਫੀਸਾਂ ਦੀ ਵਸੂਲੀ ਤੋਂ ਬਿਨਾਂ ਤਨਖਾਹਾਂ ਦੀ ਅਦਾਇਗੀ ਲੰਬੇ ਸਮੇਂ ਤੱਕ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਯੂਨੀਵਰਸਿਟੀ ਤੇ ਬੋਰਡ ਪ੍ਰੀਖਿਆਵਾਂ ਦਾ ਸੰਚਾਲਨ ਕਿਸ ਤਰ੍ਹਾਂ ਕਰਨ? ਇਸ ਸੰਬੰਧੀ ਸਥਿਤੀ ਸਪੱਸ਼ਟ ਨਹੀਂ। ਵਿਦਿਆਰਥੀਆਂ ਦਾ ਭਵਿੱਖ ਕੀ ਹੈ? ਇਸ ਬਾਰੇ ਵੀ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ, ਪਰ ਇੱਕ ਗੱਲ ਸਪੱਸ਼ਟ ਹੈ ਕਿ ਫੀਸਾਂ ਤੇ ਤਨਖਾਹਾਂ ਦਾ ਸੰਬੰਧ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਮਹੱਤਵ ਪੂਰਨ ਹੈ। ਅਸੀਂ ਪ੍ਰਬੰਧਕ ਕਮੇਟੀਆਂ ਤੇ ਵਿਦਿਅਕ ਸੰਸਥਾਵਾਂ ਨੂੰ ਬੰਦ ਕਰ ਕੇ ਇਮਾਰਤਾਂ ਦੀ ਵਰਤੋਂ ਕਿਸੇ ਹੋਰ ਕੰਮ ਲਈ ਕਰ ਸਕਦੇ ਹਾਂ, ਪਰ ਇਸ ਤਰ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਤੇ ਅਧਿਆਪਕਾਂ ਦੀ ਨੌਕਰੀ ਵੱਡੇ ਸੰਕਟ ਨੂੰ ਜਨਮ ਦੇ ਸਕਦੀ ਹੈ। ਬਦਕਿਸਮਤੀ ਇਹ ਹੈ ਕਿ ਇਨ੍ਹਾਂ ਹਾਲਤਾਂ ਨੂੰ ਸਿਖਿਆ ਸ਼ਾਸਤਰੀ, ਅਫਸਰ ਤੇ ਰਾਜਸੀ ਲੋਕ ਭੁਲਾਈ ਬੈਠੇ ਹਨ। ਵੱਖ-ਵੱਖ ਅਦਾਲਤਾਂ ਨਿਰਦੇਸ਼ ਜਾਰੀ ਕਰ ਕੇ ਨੀਤੀਆਂ ਨੂੰ ਘੜਨ ਦਾ ਯਤਨ ਕਰਦੀਆਂ ਹਨ, ਪਰ ਠੋਸ ਨਤੀਜੇ ਸਾਹਮਣੇ ਨਹੀਂ ਆ ਰਹੇ। ਇਸ ਹਾਲਤ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਸਿਖਿਆ ਸ਼ਾਸਤਰੀਆਂ ਤੇ ਅਧਿਆਪਕਾਂ ਦੀ ਹੈ ਕਿ ਉਹ ਅਮਲੀ ਤੌਰ 'ਤੇ ਇਸ ਸਮੇਂ ਪੈਦਾ ਹੋਏ ਸੰਕਟ ਵੇਲੇ ਸੁਖਾਵੇਂ ਮਾਹੌਲ 'ਚ ਸਿਖਿਆ ਸੰਸਥਾਵਾਂ ਨੂੰ ਸੰਭਲਣ 'ਚ ਸਹਾਈ ਹੋਣ।

ਇਸ ਸਮੇਂ ਵੱਖ-ਵੱਖ ਪੱਧਰ 'ਤੇ ਗੈਰ ਪ੍ਰਸੰਗਿਕ ਪੱਧਰ 'ਤੇ ਮੰਗਾਂ ਪੂਰੀਆਂ ਕਰਾ ਕੇ ਮਾਹੌਲ ਨੂੰ ਵਿਗਾੜਨ ਦਾ ਯਤਨ ਨਾ ਕਰਨ। ਕਾਲਜ ਟੀਚਰਾਂ ਵੱਲੋਂ ਮੁਜ਼ਾਹਰਾ ਕਰਨਾ ਕਿ ਉਨ੍ਹਾਂ ਨੂੰ ਕਾਲਜਾਂ ਵਿੱਚ ਕੰਮ ਕਰਨ ਲਈ ਨਾ ਬੁਲਾਇਆ ਜਾਵੇ, ਆਪਣੇ ਆਪ ਵਿੱਚ ਗੈਰ ਸੰਜੀਦਗੀ ਦਾ ਸੂਚਕ ਹੈ। ਲੋੜ ਹੈ ਕਿ ਟੀਚਰਾਂ ਵਾਂਗ ਪ੍ਰਬੰਧਕ ਕਮੇਟੀਆਂ ਮਾਪਿਆਂ, ਬੱਚਿਆਂ 'ਚ ਪੁਲ ਬਣ ਕੇ ਸਮੁੱਚੀ ਸਥਿਤੀ ਨਾਲ ਯਥਾਰਥਕ ਪੱਧਰ 'ਤੇ ਨਜਿੱਠਣ ਦਾ ਯਤਨ ਕਰਨ, ਜਿਸ ਵਿੱਚ ਵਿਦਿਆਰਥੀਆਂ ਦਾ ਅਧਿਐਨ ਤੇ ਬੋਰਡਾਂ ਵੱਲੋਂ ਪ੍ਰੀਖਿਆਵਾਂ ਸੰਪੰਨ ਕਰਨੀਆਂ, ਪ੍ਰਬੰਧਕ ਕਮੇਟੀਆਂ ਲਈ ਫੀਸਾਂ ਦੀ ਵਸੂਲੀ ਦਾ ਯਤਨ ਕਰਨਾ ਅਤੇ ਅਧਿਆਪਨ ਤੇ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਸਮਰਪਿਤ ਕਰਨਾ ਹੈ।

ਇਸ ਹਾਲਤ ਵਿੱਚ ਜੇ ਅਧਿਆਪਕ ਵਰਗ ਅਵੇਸਲਾ ਰਿਹਾ ਤਾਂ ਵਿਦਿਅਕ ਸੰਸਥਾਵਾਂ ਬੰਦ ਹੋਣ ਦੀ ਸਥਿਤੀ ਵਿੱਚ ਚਲੀਆਂ ਜਾਣਗੀਆਂ ਤੇ ਅਧਿਆਪਕਾਂ ਦੀਆਂ ਨੌਕਰੀਆਂ ਵੀ ਖਤਰੇ ਵਿੱਚ ਪੈਣਗੀਆਂ। ਅਖੀਰ ਵਿੱਚ ਇਹ ਸੁਝਾਅ ਦਿੱਤਾ ਜਾ ਸਕਦਾ ਹੈ ਕਿ ਸਾਰੀਆਂ ਧਿਰਾਂ ਸੁਹਿਰਦਤਾ ਵਿਖਾਉਣ ਤੇ ਹਰ ਵਰਗ ਦੀ ਸਹੂਲੀਅਤ ਨੂੰ ਮੁੱਖ ਰੱਖਦੇ ਹੋਏ ਸਭ ਲੋੜੀਂਦੀਆਂ ਸਹੂਲਤਾਂ ਦੇਂਦੇ ਹੋਏ ਭਵਿੱਖੀ ਪੀੜ੍ਹੀ ਨੂੰ ਗਿਆਨ ਤੇ ਵਿਗਿਆਨ ਨਾਲ ਜੋੜਨ ਦੇ ਸੁਹਿਰਦ ਯਤਨ ਕਰੀਏ।

## ਹਲਕਾ ਫੁਲਕਾ

ਸੋਨੂੰ ਨੇ ਇਕ ਕੁੜੀ ਨੂੰ ਪ੍ਰਪੋਜ਼ ਕੀਤਾ ਤਾਂ ਕੁੜੀ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਚੱਪਲ ਨਾਲ ਕੁੱਟਿਆ, ਡੰਡੇ ਨਾਲ ਕੁੱਟਿਆ ਅਤੇ ਬਹੁਤ ਘੜੀਸ-ਘੜੀਸ ਕੇ ਕੁੱਟਿਆ। ਸੋਨੂੰ ਉਠਿਆ ਅਤੇ ਕੱਪੜੇ ਝਾੜਦਾ ਹੋਇਆ ਬੋਲਿਆ, ''...ਤਾਂ ਫਿਰ ਮੈਂ ਇਨਕਾਰ ਸਮਝਾਂ?''

*********

ਪਤਨੀ, ''ਸੁਣੋ ਮੇਰੇ ਮੂੰਹ 'ਚ ਮੱਛਰ ਚਲਾ ਗਿਆ, ਮੈਂ ਕੀ ਕਰਾਂ?''
ਰੰਜਨ,''ਪਾਗਲ, ਆਲ ਆਊਟ ਪੀ ਲੈ, ਛੇ ਸੈਕਿੰਡ 'ਚ ਕੰਮ ਸ਼ੁਰੂ।''

*********

ਇੱਕ ਵਿਆਹੁਤਾ ਆਦਮੀ ਭਗਵਾਨ ਨੂੰ ਸ਼ਿਕਾਇਤ ਕਰਦਾ ਹੈ, ''ਹੇ ਭਗਵਾਨ! ਤੁਸੀਂ ਬਚਪਨ ਦਿੱਤਾ ਉਸ ਨੂੰ ਖੋਹ ਲਿਆ, ਐਸ਼ੋ ਆਰਾਮ ਦਿੱਤਾ ਉਸ ਨੂੰ ਵੀ ਖੋਹ ਲਿਆ। ਪੈਸਾ ਦਿੱਤਾ ਉਹ ਵੀ ਬਰਬਾਦ ਹੋ ਗਿਆ ਅਤੇ ਪਤਨੀ ਦਿੱਤੀ ਉਸ ਨੂੰ ਦੇ ਕੇ ਕਿਉਂ ਭੁੱਲ ਗਏ।''

# ਔਰਤ ਦੀ ਗੱਲ ਸੁਣੋਂ ਤਾਂ ਸਹੀ

-ਨਿਕਿਤਾ ਆਜ਼ਾਦ-

ਪਿੱਛੇ ਜਿਹੇ ਇੱਕ ਪੰਜਾਬੀ ਗਾਇਕ ਦੀ ਪਤਨੀ ਨੇ ਆਪਣੇ ਪਤੀ 'ਤੇ ਘਰੇਲੂ ਹਿੰਸਾ ਦਾ ਦੋਸ਼ ਲਾਇਆ ਅਤੇ ਪੰਜਾਬੀ ਸਮਾਜ ਅਤੇ ਫ਼ਿਲਮ ਇੰਡਸਟਰੀ ਵਿੱਚ ਇਸ ਰਿਸ਼ਤੇ ਬਾਰੇ ਖ਼ੂਬ ਚਰਚਾ ਹੋ ਰਹੀ ਹੈ। ਘਰੇਲੂ ਹਿੰਸਾ ਬੇਹੱਦ ਗੰਭੀਰ ਮਸਲਾ ਹੈ ਜੋ ਭਾਰਤੀ ਸਮਾਜ ਵਿੱਚ ਹਰ ਤੀਜੇ ਘਰ ਵਿੱਚ ਵਾਪਰਦਾ ਹੈ। ਇਹ ਦੋਸ਼ ਸਮਾਜ ਨੂੰ ਸਮਝਣ ਅਤੇ ਪਰਖਣ ਵਾਲਿਆਂ ਨੂੰ ਹੈਰਾਨੀ ਭਰਿਆ ਨਹੀਂ ਲੱਗੇਗਾ। ਇੰਟਰਨੈਸ਼ਨਲ ਸੈਂਟਰ ਫਾਰ ਰਿਸਰਚ ਔਨ ਵਿਮੈਨ (ਆਈ ਸੀ ਆਰ ਡਬਲਯੂ) ਦੀ ਖੋਜ ਦੱਸਦੀ ਹੈ ਕਿ ਭਾਰਤੀ ਪਰਵਾਰਾਂ ਵਿੱਚ ਹਰ ਤੀਜੀ ਔਰਤ ਨਾਲ ਘਰੇਲੂ ਹਿੰਸਾ ਹੁੰਦੀ ਹੈ।

ਇਹ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਔਰਤਾਂ ਵੱਲੋਂ ਪਾਏ 90 ਫੀਸਦੀ ਕੇਸ ਝੂਠੇ ਹੁੰਦੇ ਹਨ ਅਤੇ ਹੋ ਸਕਦਾ ਹੈ ਕਿ ਇਨ੍ਹਾਂ ਵਿੱਚੋਂ ਵੀ ਕੋਈ ਝੂਠੇ ਕੇਸ ਹੋਣ, ਪਰ ਮਰਦਾਂ ਵੱਲੋਂ ਕੇਸਾਂ ਦਾ ਨਾਂਹ-ਬਰਾਬਰ ਹੋਣਾ ਅਤੇ ਔਰਤਾਂ ਵੱਲੋਂ ਕੇਸਾਂ ਦੀ ਭਰਮਾਰ ਕਿਸੇ ਸਮਾਜਿਕ ਢਾਂਚੇ ਵੱਲ ਇਸ਼ਾਰਾ ਕਰਦੀ ਹੈ। ਦੁਨੀਆ ਦੀਆਂ ਮਹਾਂਮਾਰੀਆਂ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਮਹਾਂਮਾਰੀਆਂ ਸਮਾਜਿਕ ਕੁਰੀਤੀਆਂ, ਤਾਣੇ-ਬਾਣੇ ਅਤੇ ਢਾਂਚੇ ਨੂੰ ਨੰਗਾ ਕਰਨ ਦਾ ਕੰਮ ਕਰਦੀਆਂ ਹਨ। ਮੈਡੀਕਲ ਇਤਿਹਾਸ ਦੇ ਸਕਾਲਰ ਡੇਵਿਡ ਆਰਨੋਲਡ ਤੋਂ ਲੈ ਕੇ ਪੰਜਾਬੀ ਇਤਿਹਾਸ ਦੇ ਖੋਜਾਰਥੀ ਅੰਸ਼ੂ ਮਲਹੋਤਰਾ ਦੀ ਖੋਜ ਦੱਸਦੀ ਹੈ ਕਿ ਮਹਾਂਮਾਰੀ ਵੱਲੋਂ ਪੈਦਾ ਹੋਈ ਆਰਥਿਕ ਅਤੇ ਸਮਾਜਿਕ ਬੇਤਰਤੀਬੀ ਵਿੱਚ ਸਮਾਜਿਕ ਬਣਤਰ ਨੰਗੇ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ। ਭਾਰਤ ਵਿੱਚ ਲੌਕਡਾਊਨ ਦੇ ਐਲਾਨ ਤੋਂ ਬਾਅਦ ਘਰੇਲੂ ਹਿੰਸਾ ਦੇ ਹੈਲਪਲਾਈਨ ਨੰਬਰ 'ਤੇ ਕਾਲਾਂ ਦੀ ਗਿਣਤੀ 50 ਫੀਸਦੀ ਵਧ ਗਈ ਤੇ ਇਨ੍ਹਾਂ ਵਿੱਚ ਤਕਰੀਬਨ ਸਾਰੇ ਕੇਸ ਔਰਤਾਂ ਉਪਰ ਹੁੰਦੀ ਘਰੇਲੂ ਹਿੰਸਾ ਬਾਰੇ ਹਨ।

ਇਹ ਵਰਤਾਰਾ ਦੱਸਦਾ ਹੈ ਕਿ ਸਮਾਜ ਵਿੱਚ ਅੱਜ ਵੀ ਔਰਤ ਹੀ ਮੁੱਖ ਰੂਪ ਵਿੱਚ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਅੱਜ ਭਾਵੇਂ ਔਰਤ ਨੂੰ ਪੜ੍ਹਨ ਲਿਖਣ, ਨੌਕਰੀ ਕਰਨ, ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਦੀ ਕਾਨੂੰਨੀ ਆਜ਼ਾਦੀ ਮਿਲ ਚੁੱਕੀ ਹੈ, ਪਰ ਘਰਾਂ ਤੇ ਸਮਾਜਿਕ ਰਿਸ਼ਤਿਆਂ ਵਿੱਚ ਰਹਿੰਦੀ ਔਰਤ ਲਈ ਇਹ ਆਜ਼ਾਦੀ ਜ਼ਿੰਦਗੀ ਵੱਲ ਪੈਰ ਨਹੀਂ ਪੁੱਟ ਸਕਦੀਆਂ। ਅੱਜ ਵੀ ਅਣਗਿਣਤ ਔਰਤਾਂ ਘਰੇਲੂ ਹਿੰਸਾ ਬਰਦਾਸ਼ਤ ਕਰਨ ਲਈ ਮਜ਼ਬੂਰ ਹਨ। ਪੰਜਾਬ ਵਿੱਚ ਔਰਤ ਹੱਕਾਂ ਲਈ ਲੜਨ ਵਾਲੇ ਵਕੀਲ ਇਸ ਗੱਲ ਦਾ ਪ੍ਰਮਾਣ ਦਿੰਦੇ ਹਨ ਕਿ ਹਜ਼ਾਰਾਂ ਕੇਸਾਂ ਵਿੱਚ ਕੋਈ ਵਿਰਲੀ ਹੀ ਔਰਤ ਹੁੰਦੀ ਹੈ ਜੋ ਅਦਾਲਤ ਜਾ ਕੇ ਲੜਨ ਦਾ ਫ਼ੈਸਲਾ ਲੈਂਦੀ ਹੈ। ਜ਼ਿਆਦਾਤਰ ਔਰਤਾਂ ਇਸ ਹਿੰਸਾ ਨਾਲ ਸਮਝੌਤਾ ਕਰ ਲੈਂਦੀਆਂ ਹਨ।

2000 ਸਾਲ ਤੋਂ ਬਣੀ ਪਿੱਤਰੀ ਸੱਤਾ ਵਿੱਚੋਂ ਨਿਕਲ ਕੇ ਔਰਤ ਦਾ ਆਪਣਾ ਸੱਚ ਬੋਲ ਪਾਉਣਾ ਅਤੇ ਸਮਾਜ ਦੇ ਸਾਹਮਣੇ ਆਪਣੇ ਨਾਲ ਹੋਏ ਅੱਤਿਆਚਾਰ ਦੀ ਗੱਲ ਕਰ ਸਕਣਾ ਸੌਖਾ ਕੰਮ ਨਹੀਂ, ਕਿਉਂਕਿ ਅੱਧੇ ਤੋਂ ਵੱਧ ਸਮਾਜ ਔਰਤ ਵਿਰੁੱਧ ਖੜ੍ਹਾ ਹੁੰਦਾ ਹੈ। ਉਪਰੋਕਤ ਪੰਜਾਬੀ ਗਾਇਕ ਦੀ ਪਤਨੀ ਨਾਲ ਵੀ ਅਜਿਹਾ ਹੋ ਰਿਹਾ ਹੈ। ਕੁਝ ਦਿਨ ਪਹਿਲਾਂ ਉਸਦੇ ਗਾਇਕ ਪਤੀ ਨੇ ਲਾਈਵ ਹੋ ਕੇ ਪਤਨੀ ਦੇ ਸਾਰੇ ਦੋਸ਼ ਰੱਦ ਕਰ ਦਿੱਤੇ। ਉਸ ਨੇ ਕਿਹਾ ਸੀ, 'ਮੈਂ ਬਲਾਤਕਾਰ ਤਾਂ ਨਹੀਂ ਕਰ ਦਿੱਤਾ, ਮੇਰੀ ਪਤਨੀ ਹੈ, ਮੈਂ ਆਪਣੇ ਕੋਲ ਹੀ ਰੱਖਾਂਗਾ, ਜੱਟ ਦੀ ਪਸੰਦ ਐਂ ਕਿਵੇਂ ਜਾਣ ਦੇਵਾਂਗਾ।'' ਇਸ ਤੋਂ ਪਹਿਲਾਂ ਕਿ ਉਹ ਇਹ ਸਭ ਕੁਝ ਕਹਿੰਦਾ, ਉਸ ਦੀ ਲਾਈਵ ਵੀਡੀਓ ਵਿੱਚ ਕਮੈਂਟਾਂ ਦੀ ਭਰਮਾਰ ਹੋ ਗਈ ਕਿ ਅਸੀਂ ਤੁਹਾਡੇ ਨਾਲ ਹਾਂ, ਅੱਜਕੱਲ੍ਹ ਦੀਆਂ ਔਰਤਾਂ ਝੂਠੀਆਂ ਹਨ। ਕੁਝ ਭੱਦੀ ਸ਼ਬਦਾਵਲੀ ਨਾਲ ਗਾਇਕ ਦੀ ਪਤਨੀ ਅਤੇ ਔਰਤਾਂ ਬਾਰੇ ਗੱਲਾਂ ਕਰਦੇ ਹਨ। ਗਾਇਕ ਦੀ ਗੱਲ ਸੁਣਨ ਤੋਂ ਪਹਿਲਾਂ ਹੀ ਇਨ੍ਹਾਂ ਲੋਕਾਂ ਨੇ ਫ਼ੈਸਲਾ ਲੈ ਲਿਆ ਕਿ ਉਹ ਗੁਨਾਹਗਾਰ ਨਹੀਂ ਹੈ।

ਦੂਜੇ ਪਾਸੇ, ਜਦੋਂ ਗਾਇਕ ਦੀ ਪਤਨੀ ਨੇ ਆਪਣੀ ਲਾਈਵ ਵੀਡੀਓ ਬਣਾਈ ਤਾਂ ਉਸ ਦੀ ਗੱਲ ਸੁਣਨ ਤੋਂ ਪਹਿਲਾਂ ਹੀ ਉਸਨੂੰ ਗਾਲ੍ਹਾਂ ਦੇਣ, ਝੂਠੀ ਕਹਿਣ ਆਦਿ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਸੀ। ਵੀਡੀਓ ਅਪਲੋਡ ਕਰਨ ਤੋਂ ਇੱਕ ਦਿਨ ਬਾਅਦ ਹੀ ਉਸ ਨੇ ਆਪਣੀ ਵੀਡੀਓ ਹਟਾ ਦਿੱਤੀ ਕਿਉਂਕਿ ਉਸਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਤੇ ਉਸ ਬਾਰੇ, ਉਸ ਦੇ ਸਰੀਰ ਬਾਰੇ ਭੱਦੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ। ਯਾਦ ਰੱਖਣ ਦੀ ਲੋੜ ਹੈ ਕਿ ਪਤੀ 'ਤੇ ਦੋਸ਼ ਲਾਉਣ ਵਾਲੀ ਇਹ ਔਰਤ ਆਮ ਔਰਤਾਂ ਨਾਲੋਂ ਬੇਹੱਦ ਮਸ਼ਹੂਰ ਹੈ ਤੇ ਉਸ ਕੋਲ ਬਹੁਤ ਲੋਕਾਂ ਦੀ ਹਮਾਇਤ ਤੇ ਸਮਰਥਨ ਵੀ ਹੈ। ਫਿਰ ਵੀ ਉਸਦੀ ਵੀਡੀਓ ਅਤੇ ਉਸਦੀ ਜ਼ਿੰਦਗੀ ਦਾ ਜਿਵੇਂ ਮਜ਼ਾਕ ਬਣਾਇਆ ਗਿਆ, ਉਸ ਨੇ ਉਸਨੂੰ ਵੀਡੀਓ ਹਟਾਉਣ ਲਈ ਮਜ਼ਬੂਰ ਕਰ ਦਿੱਤਾ।

ਸਵਾਲ ਇਹ ਨਹੀਂ ੈ ਕਿ ਉਹ ਜੋ ਕਹਿੰਦੀ ਹੈ, ਉਹ ਹੋਇਆ ਜਾਂ ਨਹੀਂ, ਸਗੋਂ ਸਵਾਲ ਇਹ ਹੈ ਕਿ 2000 ਸਾਲ ਦੇ ਤਸ਼ੱਦਦ ਅਤੇ 70 ਸਾਲਾਂ ਦੀ ਕਾਨੂੰਨੀ ਆਜ਼ਾਦੀ ਤੋਂ ਬਾਅਦ ਜਦੋਂ ਕੋਈ ਔਰਤ ਆਪਣੇ ਨਾਲ ਹੋਈ ਹਿੰਸਾ ਦੀ ਗੱਲ ਕਰਦੀ ਹੈ ਤਾਂ ਅਸੀਂ ਉਸਨੂੰ ਪਹਿਲਾ ਸਵਾਲ ਕੀ ਪੁੱਛਦੇ ਹਾਂ? ਜੇ ਅਸੀਂ ਉਸਨੂੰ ਝੂਠੀ ਕਹਿ ਕੇ ਉਸਦਾ ਮੂੰਹ ਬੰਦ ਕਰਨ ਦਾ ਰਸਤਾ ਚੁਣਦੇ ਹਾਂ ਤਾਂ ਅਸੀਂ ਔਰਤ-ਵਿਰੋਧੀ ਹੀ ਨਹੀਂ, ਸਮਾਜ ਵਿਰੋਧੀ ਹੋ ਰਹੇ ਹਾਂ। ਅਸੀਂ ਉਨ੍ਹਾਂ ਔਰਤਾਂ, ਜਿਨ੍ਹਾਂ ਨੂੰ ਇਸ ਔਰਤ ਤੋਂ ਬੋਲਣ ਦੀ ਹਿੰਮਤ ਮਿਲਣੀ ਸੀ, ਦਾ ਰਾਹ ਰੋਕ ਰਹੇ ਹਾਂ, ਅਸੀਂ ਸਮਾਜ ਨੂੰ ਹੋਰ ਦਕਿਆਨੂਸੀ ਬਣਾਉਣ ਵਿੱਚ ਹਿੱਸਾ ਪਾ ਰਹੇ ਹਾਂ। ਔਰਤਾਂ ਨੂੰ ਮਿਲੇ ਹੱਕਾਂ ਵਿੱਚ ਇੱਕ ਹੱਕ ਨੌਕਰੀਆਂ, ਪੜ੍ਹਾਈ, ਕਾਨੂੰਨ ਆਦਿ ਵਿੱਚ ਰਾਖਵਾਂਕਰਨ ਦੇਣਾ ਹੈ। ਇਸ ਦਾ ਅਰਥ ਹਾਸ਼ੀਆਗਤ ਰਹੇ ਮਨੁੱਖਾਂ ਅਤੇ ਤਬਕਿਆਂ ਨੂੰ ਸਮਾਜ ਵਿੱਚ ਪ੍ਰਤੀਨਿਧਤਾ, ਆਜ਼ਾਦੀ ਅਤੇ ਬਰਾਬਰੀ ਦੇਣਾ ਹੈ। ਇਥੇ ਬਰਾਬਰੀ ਦਾ ਮਤਲਬ ਸਿਰਫ਼ ਉਨ੍ਹਾਂ ਨੂੰ ਹਾਕਮ ਰਹੇ ਮਨੁੱਖਾਂ ਬਰਾਬਰ ਖੜ੍ਹਾ ਕਰ ਦੇਣਾ ਨਹੀਂ, ਸਗੋਂ ਇਹ ਪੌੜੀਆਂ, ਰਿਆਇਤਾਂ ਅਤੇ ਸੁਵਿਧਾਵਾਂ ਦੇਣਾ ਵੀ ਹੈ ਜਿਨ੍ਹਾਂ ਨਾਲ ਉਹ ਨਵੀਂ ਨਵੀਂ ਮਿਲੀ ਪ੍ਰਤੀਨਿਧਤਾ ਤੱਕ ਪਹੁੰਚ ਕਰ ਸਕਣ।

ਇਹ ਕਹਿਣ ਵਿੱਚ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਸਮਾਜ ਵਿੱਚ ਔਰਤ, ਮਰਦ ਅਤੇ ਬਾਕੀ ਸਾਰੇ ਲਿੰਗ ਬਰਾਬਰ ਨਹੀਂ ਹਨ; ਮਰਦ ਕੋਲ ਸਦੀਆਂ ਤੋਂ ਸੱਤਾ ਰਹੀ ਹੈ। ਗ਼ੈਰ-ਮਰਦ ਪਛਾਣ ਵਾਲੇ ਲੋਕਾਂ ਲਈ ਬੋਲਣ ਦੇ, ਆਜ਼ਾਦ ਹੋਣ ਦੇ, ਇਨਸਾਫ਼ ਲੈਣ ਦੇ ਰਸਤੇ ਅਜੇ ਵੀ ਬਹੁਤ ਘੱਟ ਹਨ। ਜਦੋਂ ਉਹ ਬੋਲਣ, ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਥਾਂ ਹੌਸਲਾ ਦੇਣ ਦੀ, ਉਨ੍ਹਾਂ ਦਾ ਸਾਥ ਦੇਣ ਦੀ ਲੋੜ ਹੈ। ਉਨ੍ਹਾਂ ਉਤੇ ਭਰੋਸਾ ਕਰਨ ਦੀ ਲੋੜ ਹੈ। ਦੋ ਸਾਲ ਪਹਿਲਾਂ ਦੁਨੀਆਂ ਭਰ ਵਿੱਚ ਜਦੋਂ 'ਮੀਟੂ' ਲਹਿਰ ਚੱਲੀ ਸੀ, ਉਦੋਂ ਵੀ ਬਹੁਤ ਸਵਾਲ ਪੁੱਛੇ ਗਏ ਸਨ ਕਿ ਔਰਤ ਉਤੇ ਭਰੋਸਾ ਕਿਉਂ ਕੀਤਾ ਜਾਵੇ? ਉਸਦਾ ਜਵਾਬ ਨਾਰੀਵਾਦੀਆਂ ਨੇ 'ਸਾਰੀਆਂ ਔਰਤਾਂ' ਉਤੇ ਵਿਸ਼ਵਾਸ ਕਰੋ ਕਹਿ ਕੇ ਦਿੱਤਾ ਸੀ, ਜਿਸਦਾ ਭਾਵ ਹੈ ਕਿ ਔਰਤਾਂ 'ਤੇ ਭਰੋਸਾ ਕਰਨ ਦੀ ਲੋੜ ਇਸ ਕਰਕੇ ਹੈ ਕਿਉਂਕਿ ਉਨ੍ਹਾਂ ਕੋਲ ਸਮਾਜਿਕ ਰਿਸ਼ਤਿਆਂ ਵਿੱਚ ਆਪਣੀ ਗੱਲ ਕਹਿ ਸਕਣ ਦੀ ਥਾਂ ਘੱਟ ਹੈ। ਇਸ ਦਾ ਮਤਲਬ ਇਹ ਨਹੀਂ ਕਿ ਮਰਦਾਂ ਦੀ ਗੱਲ ਸੁਣੀ ਨਹੀਂ ਜਾਣੀ ਚਾਹੀਦੀ, ਬਲਕਿ ਇਹ ਹੈ ਕਿ ਸਮਾਜ ਦੀ ਮੂਲ ਪਰਿਸਥਿਤੀ ਅਤੇ ਬੁਨਿਆਦੀ ਢਾਂਚੇ ਵਿੱਚ ਸ਼ੁਰੂ ਤੋਂ ਹੀ ਮਰਦ ਉਤੇ ਭਰੋਸਾ ਕੀਤਾ ਜਾਂਦਾ ਹੈ। ਮਰਦ ਉਤੇ ਭਰੋਸਾ ਇੱਕ ਡਿਫਾਲਟ ਸੈਟਿੰਗ ਹੈ।

ਆਪਣੇ ਆਂਢ ਗੁਆਂਢ ਝਾਤੀ ਮਾਰ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਘਰ ਤੇ ਬਾਹਰ ਦੇ ਸਭ ਤੋਂ ਵੱਧ ਜ਼ਿੰਮੇਵਾਰੀ ਵਾਲੇ ਸਮਝੇ ਜਾਣ ਵਾਲੇ ਕੰਮਾਂ ਵਿੱਚ ਮਰਦਾਂ ਦਾ ਹੋਣਾ ਲਾਜ਼ਮੀ ਸਮਝਿਆ ਜਾਂਦਾ ਹੈ। ਮਰਦ ਹੀ ਚੰਗੇ ਡਾਕਟਰ, ਚੰਗੇ ਨੇਤਾ, ਚੰਗੇ ਆਗੂ, ਚੰਗੇ ਬੁਲਾਰੇ, ਵੱਧ ਸਮਝਦਾਰ ਅਤੇ ਸੂਝਵਾਨ ਮੰਨੇ ਜਾਂਦੇ ਹਨ। ਉਨ੍ਹਾਂ ਕੋਲ ਪਹਿਲਾਂ ਹੀ ਇਹ ਢਾਂਚਾਗਤ ਹੱਕ ਹੈ ਕਿ ਉਨ੍ਹਾਂ ਦੀ ਆਵਾਜ਼, ਉਨ੍ਹਾਂ ਦੇ ਬੋਲ, ਉਨ੍ਹਾਂ ਦੀ ਹੋਂਦ ਵੱਧ ਭਰੋਸੇਯੋਗ ਹੈ। ਸਵਾਲ ਇਹ ਰਿਆਇਤ, ਇਹ ਹੱਕ, ਇਹ ਸਹੂਲਤ ਔਰਤਾਂ ਨੂੰ ਦੇਣ ਦਾ ਹੈ। ਕੀ ਅਸੀਂ ਜਦੋ ਕੋਈ ਔਰਤ ਆਪਣਾ ਸੱਚ ਬੋਲਦੀ ਹੈ ਉਸਨੂੰ 'ਵੀ' ਬੋਲਣ ਦਾ ਮੌਕਾ ਦੇਣ ਲਈ ਤਿਆਰ ਹਾਂ? ਜਿਸ ਤਰ੍ਹਾਂ ਪੰਜਾਬੀ ਗਾਇਕ ਦੀ ਪਤਨੀ ਨੂੰ ਆਪਣੀ ਵੀਡੀਓ ਹਟਾਉਣੀ ਪਈ ਅਤੇ ਜਿਸ ਤਰ੍ਹਾਂ ਸੋਸ਼ਲ ਮੀਡੀਆ 'ਤੇ ਲਿਖ ਕੇ ਅਤੇ ਫੋਨ ਕਰਕੇ ਨਾਰੀਵਾਦੀਆਂ ਉਤੇ ਹਮਲੇ ਕੀਤੇ ਗਏ ਹਨ, ਮੈਨੂੰ ਲੱਗਦਾ ਹੈ ਕਿ ਅਸੀਂ ਆਜ਼ਾਦੀ, ਬਰਾਬਰੀ ਅਤੇ ਇਨਸਾਫ਼ ਦੀ ਲੜਾਈ ਤੋਂ ਕੋਹਾਂ ਦੂਰ ਖੜ੍ਹੇ ਹਾਂ। ਇਸ ਮਾਮਲੇ ਵਿੱਚ ਸਾਫ਼ ਝਲਕਦਾ ਹੈ ਕਿ ਔਰਤ ਉਤੇ ਭਰੋਸਾ ਕਰਨਾ ਅਜੇ ਵੀ ਸਮਾਜ ਨੂੰ ਮਨਜ਼ੂਰ ਨਹੀਂ ਅਤੇ ਮਰਦ ਨੂੰ ਹੱਲਾਸ਼ੇਰੀ ਦੇਣਾ ਸਮਾਜ ਦਾ ਮੁੱਖ ਕੰਮ ਹੈ। ਅਜਿਹੇ ਢਾਂਚੇ ਵਿੱਚ ਇਹ ਔਰਤ ਦਾ ਹੱਕ ਹੈ ਕਿ ਉਨ੍ਹਾਂ ਨੂੰ ਕੁਝ ਖ਼ਾਸ ਰਿਆਇਤਾਂ ਮਿਲਣ ਤੇ ਉਨ੍ਹਾਂ ਦੀ ਗੱਲ ਸੁਣੇ ਜਾਣ ਦੇ ਮੌਕਿਆਂ ਲਈ ਕੁਝ ਪ੍ਰਬੰਧ ਕੀਤੇ ਜਾਣ। ਇਨ੍ਹਾਂ ਪ੍ਰਬੰਧਾਂ ਵਿੱਚੋਂ ਇੱਕ ਹੈ ਭਰੋਸਾ ਕਰਨਾ।

ਇਸਦਾ ਭਾਵ ਇਹ ਨਹੀਂ ਹੈ ਕਿ ਮਰਦ ਉਤੇ ਜ਼ਰਾ ਵੀ ਭਰੋਸਾ ਨਾ ਕਰੋ, ਪਰ ਇਹ ਹੈ ਜਦੋਂ ਕੋਈ ਔਰਤ ਆਪਣੇ ਨਾਲ ਹੋਈ ਹਿੰਸਾ ਦੀ ਗੱਲ ਕਰਦੀ ਹੈ ਤਾਂ ਉਸ ਨੂੰ ਸੁਣੋ ਅਤੇ ਬੋਲਣ ਦਿਓ। ਝੂਠੇ ਕੇਸਾਂ ਨੂੰ ਢਾਲ ਬਣਾ ਕੇ ਔਰਤ ਵਿਰੋਧੀ ਹੋਣਾ ਅਤੇ ਔਰਤ ਦੀ ਆਵਾਜ਼ ਬੰਦ ਕਰਵਾਉਣ ਦੀ ਮੁਹਿੰਮ ਚਲਾਉਣਾ ਸਮਾਜ ਦੀ ਬੌਧਿਕ ਕੰਗਾਲੀ ਹੋਵੇਗੀ। ਇਸ ਦੀ ਥਾਂ ਸੁਚੇਤ ਰਹਿ ਕੇ ਹਰ ਮਾਮਲੇ ਦੀ ਸੁਤੰਤਰ ਜਾਂਚ ਪੜਤਾਲ ਕੀਤੀ ਜਾ ਸਕਦੀ ਹੈ ਜਿਸ ਵਿੱਚ ਔਰਤ ਵੀ ਗ਼ਲਤ ਹੋ ਸਕਦੀ ਹੈ। ਔਰਤ ਦਾ ਕਿਸੇ ਖ਼ਾਸ ਮਾਮਲੇ ਵਿੱਚ ਗ਼ਲਤ ਹੋਣਾ ਅਤੇ ਔਰਤਾਂ ਉਤੇ ਭਰੋਸਾ ਕਰਨਾ ਆਪਾਵਿਰੋਧੀ ਬਿਆਨ ਨਹੀਂ ਹਨ ਕਿਉਂਕਿ ਔਰਤ ਦੀ ਗ਼ਲਤੀ ਉਸਦੀ ਗੱਲ ਸੁਣ ਕੇ ਵੀ ਪਛਾਣੀ ਜਾ ਸਕਦੀ ਹੈ ਤੇ ਇਸ ਤਰ੍ਹਾਂ ਅਸੀਂ ਸਮਾਜ ਦੀਆਂ ਬਾਕੀ ਔਰਤਾਂ ਦੇ ਪੈਰਾਂ 'ਤੇ ਕੁਹਾੜੀ ਮਾਰਨ ਤੋਂ ਵੀ ਬਚ ਸਕਦੇ ਹਾਂ।

# ਮੋਦੀ ਰਾਜ 'ਚ ਮੀਡੀਆ

-ਭਾਰਤ ਭੂਸ਼ਨ ਆਜ਼ਾਦ



ਕਿਸੇ ਵੀ ਸਰਕਾਰ ਦੇ ਸ਼ਾਸਨ ਦੌਰਾਨ ਉਸ ਦੀ ਨਿਰਪੱਖਤਾ ਇਸ ਗੱਲ ਤੋਂ ਵਿਖਾਈ ਦਿੰਦੀ ਹੈ ਕਿ ਉਸ ਦੇ ਸ਼ਾਸਨ ਹੇਠ ਸੂਚਨਾ ਤੰਤਰ ਕਿੰਨਾ ਸਿਹਤਮੰਦ ਹੈ। ਉਸ ਦੇਸ਼ ਅਤੇ ਉਸ ਰਾਜ ਦੀ ਜਨਤਾ ਤੱਕ ਵਾਪਰੀਆਂ ਘਟਨਾਵਾਂ ਦੀ ਸੂਚਨਾ ਸਹੀ ਤੇ ਬਿਨਾਂ ਕਿਸੇ ਦਬਾਅ ਤੋਂ ਪਹੁੰਚ ਰਹੀ ਹੈ। ਜੇ ਪਹੁੰਚਦੀ ਹੈ ਤਾਂ ਸਰਕਾਰ ਉਨ੍ਹਾਂ ਸੂਚਨਾਵਾਂ ਪ੍ਰਤੀ ਕਿੰਨੀ ਗੰਭੀਰਤਾ ਵਿਖਾਉਂਦੀ ਹੈ। ਅੱਜ ਦੇਸ਼ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਦੌਰਾਨ ਪਿਛਲੇ ਸਮੇਂ ਵਿੱਚ ਪੱਤਰਕਾਰਾਂ 'ਤੇ ਦਰਜ ਹੋਏ ਕੇਸਾਂ ਤੋਂ ਜਾਪਦਾ ਹੈ ਕਿ ਕੇਂਦਰ ਅਤੇ ਭਾਜਪਾ ਵਾਲੇ ਰਾਜਾਂ ਦੀਆਂ ਸਰਕਾਰਾਂ ਮੀਡੀਆ ਦੇ ਇੱਕ ਹਿੱਸੇ ਤੋਂ ਕਾਫ਼ੀ ਖ਼ਫ਼ਾ ਹਨ ਤੇ ਉਸ ਹਿੱਸੇ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਦੀਆਂ, ਜਿਹੜਾ ਸਰਕਾਰ ਦੇ ਦਬਾਅ ਥੱਲੇ ਕੰਮ ਕਰਨ ਦੀ ਬਜਾਏ ਸੂਚਨਾਵਾਂ ਨੂੰ ਬਿਨਾਂ ਤੋੜਿਆਂ ਅਤੇ ਮਰੋੜਿਆਂ ਸਮਾਜ ਵਿੱਚ ਪੇਸ਼ ਕਰਦਾ ਹੈ। ਜੇ ਕਿਹਾ ਜਾਵੇ ਕਿ ਮੋਦੀ ਸਰਕਾਰ ਪਿਛਲੇ ਸਮੇਂ ਤੋਂ ਲਗਾਤਾਰ ਮੀਡੀਆ ਦੀ ਸੰਘੀ ਘੁੱਟ ਰਹੀ ਹੈ ਤਾਂ ਇਸ ਵਿੱਚ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਇੰਗਲਿਸ਼ ਨਿਊਜ਼ ਪੋਰਟਲ 'ਸਕਰੋਲ ਡਾਟ ਇਨ' ਦੀ ਕਾਰਜਕਾਰੀ ਸੰਪਾਦਕ ਸੁਪ੍ਰਿਆ ਸ਼ਰਮਾ ਤੇ ਐਡੀਟਰ ਇਨ ਚੀਫ ਦੇ ਖ਼ਿਲਾਫ਼ ਭਾਰਤੀ ਦੰਡ ਕਾਨੂੰਨ ਅਤੇ ਅਨੁਸੂਚਿਤ ਜਾਤੀ/ ਜਨਜਾਤੀ ਅੱਤਿਆਚਾਰ ਵਿਰੋਧੀ ਐਕਟ 1989 ਦੀਆਂ ਧਾਰਾਵਾਂ ਹੇਠ ਉਤਰ ਪ੍ਰਦੇਸ਼ ਪੁਲਸ ਵੱਲੋਂ ਦਰਜ ਕੀਤੇ ਕੇਸ ਨੂੰ ਇਸੇ ਪੱਖੋਂ ਵੇਖਿਆ ਜਾ ਰਿਹਾ ਹੈ। ਇਸ ਕੇਸ ਵਿੱਚ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਬਨਾਰਸ ਤੋਂ ਰਾਮਗੜ੍ਹ ਦੀ ਵਸਨੀਕ ਮਾਲਾ ਦੇਵੀ ਨੇ ਸੰਪਾਦਕ ਸੁਪ੍ਰਿਆ ਸ਼ਰਮਾ 'ਤੇ ਗ਼ਲਤ ਰਿਪੋਰਟ ਪੇਸ਼ ਕਰਨ ਦੇ ਦੋਸ਼ ਲਾਏ, ਜਦੋਂ ਕਿ ਸੰਪਾਦਕ ਸੁਪ੍ਰਿਆ ਸ਼ਰਮਾ ਲੌਕਡਾਊਨ ਦੇ ਦਿਨਾਂ ਵਿੱਚ ਡਮੋਰੀ ਕਸਬੇ ਵਿੱਚ ਸੀ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੋਦ ਲਿਆ ਹੋਇਆ ਪਿੰਡ ਹੈ। ਸੁਪ੍ਰਿਆ ਨੇ ਮਾਲਾ ਦੇਵੀ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਜਨਤਕ ਵੰਡ ਪ੍ਰਣਾਲੀ ਹੇਠ ਸਰਕਾਰ ਵੱਲੋਂ ਰਾਸ਼ਨ ਮਿਲ ਰਿਹਾ ਹੈ ਜਾਂ ਨਹੀਂ? ਉਨ੍ਹਾਂ ਦੇ ਪਰਵਾਰਾਂ ਦਾ ਗੁਜ਼ਾਰਾ ਅੱਜ ਦੇ ਸਮੇਂ ਦੌਰਾਨ ਕਿਵੇਂ ਚੱਲ ਰਿਹਾ ਹੈ। ਰਿਪੋਰਟ ਮੁਤਾਬਕ ਮਾਲਾ ਦੇਵੀ ਦੱਸਦੀ ਹੈ ਕਿ ਉਨ੍ਹਾਂ ਤੱਕ ਸਰਕਾਰ ਦਾ ਰਾਸ਼ਨ ਨਹੀਂ ਪਹੁੰਚ ਰਿਹਾ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਖ਼ਰਾਬ ਦੌਰ ਵਿੱਚੋਂ ਲੰਘਾਉਣੀ ਪੈ ਰਹੀ ਹੈ। ਇੱਕ ਘਰੇਲੂ ਕੰਮਕਾਜ ਵਾਲੀ ਇਸ ਔਰਤ ਦੀ ਸਥਿਤੀ ਖ਼ਰਾਬ ਹੋਣ ਕਰਕੇ ਉਸ ਨੂੰ ਭੀਖ ਮੰਗਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਮਾਲਾ ਦੇਵੀ ਦੱਸਦੀ ਹੈ ਕਿ ਉਹ ਬਨਾਰਸ ਨਗਰ ਨਿਗਮ ਵਿੱਚ ਆਊਟ ਸੋਰਸਿੰਗ ਰਾਹੀਂ ਸਫ਼ਾਈ ਸੇਵਿਕਾ ਵਜੋਂ ਕੰਮ ਕਰਦੀ ਹੈ। ਪੁਲਸ ਨੇ ਮਾਲਾ ਦੇਵੀ ਦੀ ਸ਼ਿਕਾਇਤ 'ਤੇ 13 ਜੂਨ ਨੂੰ ਸੁਪ੍ਰਿਆ ਸ਼ਰਮਾ ਅਤੇ ਨਿਊਜ਼ ਪੋਰਟਲ ਦੇ ਐਡੀਟਰ-ਇਨ-ਚੀਫ ਦੇ ਖ਼ਿਲਾਫ਼ ਧਾਰਾ 269 (ਕਿਸੇ ਬਿਮਾਰੀ ਦਾ ਵਾਇਰਸ ਫੈਲਾਉਣ ਲਈ ਗ਼ੈਰ ਜ਼ਿੰਮੇਵਾਰੀ ਨਾਲ ਕੀਤਾ ਗਿਆ ਕੰਮਕਾਜ), 501 (ਮਾਣਹਾਨੀ ਵਿਸ਼ੇ ਦਾ ਪ੍ਰਕਾਸ਼ਨ) ਅਤੇ ਐਸ ਸੀ/ ਐਸ ਟੀ ਐਕਟ (ਅੱਤਿਆਚਾਰ ਨਿਵਾਰਨ) ਕਾਨੂੰਨ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

ਮੀਡੀਆ ਨੂੰ ਉਲਝਾਉਣ ਦਾ ਇਹ ਪਹਿਲਾ ਮਾਮਲਾ ਨਹੀਂ। ਕੁਝ ਦਿਨ ਪਹਿਲਾਂ ਯੂ-ਟਿਊਬ ਚੈਨਲ 'ਐਚ ਵੀ' ਦੇ ਪੱਤਰਕਾਰ ਤੇ ਐਂਕਰ ਵਿਨੋਦ ਦੂਆ ਦੇ ਖ਼ਿਲਾਫ਼ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਨਵੀਨ ਕੁਮਾਰ ਦੀ ਸ਼ਿਕਾਇਤ ਉੱਤੇ ਦਿੱਲੀ ਕਰਾਈਮ ਬਰਾਂਚ ਨੇ ਕੇਸ ਦਰਜ ਕੀਤਾ ਸੀ। ਇਸ ਕੇਸ ਵਿੱਚ ਵਿਨੋਦ ਦੂਆ ਉਤੇ ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਦੂਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੇਇੱਜ਼ਤੀ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕਰ ਕੇ ਮਜ਼ਾਕ ਉਡਾਇਆ ਹੈ। ਦੂਆ ਵੱਲੋਂ ਮੱਧ ਪ੍ਰਦੇਸ਼ ਦੇ ਵਿਆਪਮ ਘੁਟਾਲੇ ਦਾ ਜ਼ਿਕਰ ਕਰਨ ਤੇ ਦਿੱਲੀ ਦੰਗਿਆਂ 'ਚ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਣ 'ਤੇ ਭਾਜਪਾ ਅੰਦਰ ਗੁੱਸੇ ਦਾ ਉਬਾਲ ਹੋਰ ਵਧ ਗਿਆ।

ਇਸੇ ਤਰ੍ਹਾਂ ਹਿੰਦੀ ਤੇ ਅੰਗਰੇਜ਼ੀ ਨਿਊਜ਼ ਪੋਰਟਲ 'ਦਿ ਵਾਇਰ' ਦੇ ਸੰਪਾਦਕ ਸਿਧਾਰਥ ਵਰਦਰਾਜਨ ਦੇ ਖ਼ਿਲਾਫ਼ ਵੀ ਇੱਕ ਅਪ੍ਰੈਲ 2020 ਨੂੰ ਇੱਕ ਕੇਸ ਦਰਜ ਕਰਕੇ ਗ਼ਲਤ ਖ਼ਬਰਾਂ ਦੇਣ ਦਾ ਦੋਸ਼ ਲਾ ਕੇ ਅਪਰਾਧਕ ਪ੍ਰਕਿਰਿਆ ਕੋਡ 1973 ਦੀ ਧਾਰਾ 41 ਏ ਹੇਠ ਨੋਟਿਸ ਜਾਰੀ ਕਰਕੇ ਉਨ੍ਹਾਂ ਦੇ ਦਿੱਲੀ ਵਾਲੇ ਘਰ ਅੱਗੇ ਲਾ ਦਿੱਤਾ ਗਿਆ।

ਇਸ ਤਰ੍ਹਾਂ ਕੇਂਦਰ ਤੇ ਭਾਜਪਾ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਵੱਲੋਂ ਮੀਡੀਆ ਦੇ ਪੈਰਾਂ ਵਿੱਚ ਬੇੜੀਆਂ ਪਾਉਣ ਲਈ ਹਰ ਢੰਗ ਵਰਤੇ ਜਾ ਰਹੇ ਹਨ। ਅਜੋਕੇ ਸਮੇਂ 'ਚ ਮੀਡੀਆ ਦਾ ਵੱਡਾ ਹਿੱਸਾ ਇਸ ਸਮੇਂ ਗੋਦੀ ਮੀਡੀਆ ਵਜੋਂ ਜਾਣਿਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਮੀਡੀਆ ਦਾ ਕੁਝ ਹਿੱਸਾ ਹੀ ਖੋਜ ਭਰਪੂਰ ਰਿਪੋਰਟਿੰਗ ਨਾਲ ਜਨਤਾ ਨੂੰ ਜਾਗਰੂਕ ਕਰਕੇ ਮੀਡੀਆ ਮਾਪਦੰਡਾਂ ਦੀ ਕਸਵੱਟੀ ਉੱਤੇ ਖ਼ਰਾ ਉਤਰ ਰਿਹਾ ਹੈ। ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਮੀਡੀਆ ਨੂੰ ਅਜੋਕੇ ਦੌਰ ਵਿੱਚ ਆਜ਼ਾਦੀ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ ਤੇ ਜੇ ਸਿਸਟਮ ਵਿੱਚ ਖਾਮੀਆਂ ਉਜਾਗਰ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਨਾ ਕਿ ਮੀਡੀਆ ਨੂੰ ਨਿਸ਼ਾਨਾ ਬਣਾ ਕੇ ਉਲਝਾਉਣਾ ਚਾਹੀਦਾ ਹੈ।

# ਪੰਜਾਬੀਆਂ ਦੀ ਅਣਖ ਦਾ ਪ੍ਰਤੀਕ ਦੁੱਲਾ ਭੱਟੀ

-ਸੁਰਿੰਦਰ ਕੋਛੜ

ਗੈਰਤਮੰਦ ਪੰਜਾਬੀਆਂ ਦੀ ਅਣਖ ਦਾ ਪ੍ਰਤੀਕ ਦੁੱਲਾ ਭੱਟੀ ਪੰਜਾਬੀ ਸਾਹਿਤ ਦਾ ਉਹ ਚਮਕਦਾ ਹੀਰਾ ਹੈ, ਜਿਸ ਦੀ ਸ਼ਹਾਦਤ ਦੇ ਸੈਂਕੜੇ ਵਰ੍ਹੇ ਬੀਤ ਜਾਣ ਦੇ ਬਾਅਦ ਵੀ ਉਸ ਦੀ ਬਹਾਦਰੀ ਨੂੰ ਵੱਖ-ਵੱਖ ਕਿੱਸੇ ਕਹਾਣੀਆਂ ਅਤੇ ਲੋਕ ਗੀਤਾਂ ਰਾਹੀਂ ਯਾਦ ਕੀਤਾ ਜਾਂਦਾ ਹੈ। ਸਦੀਆਂ ਤੋਂ ਉਸ ਦੀ ਬਹਾਦਰੀ ਦੇ ਕਿੱਸੇ ਨੂੰ ਲੋਕ ਗੀਤ 'ਸੁੰਦਰ ਮੁੰਦਰੀਏ.. ਹੋ, ਤੇਰਾ ਕੌਣ ਵਿਚਾਰਾ.. ਹੋ, ਦੁੱਲਾ ਭੱਟੀ ਵਾਲਾ..ਹੋ' ਵਜੋਂ ਗਾਇਆ ਜਾਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ।

ਦੁੱਲਾ ਭੱਟੀ ਦਾ ਜਨਮ ਕਰੀਬ 1547 ਈਸਵੀ ਵਿੱਚ ਮੌਜੂਦਾ ਜ਼ਿਲਾ ਹਾਫਿਜ਼ਾਬਾਦ (ਪਾਕਿਸਤਾਨ) ਦੇ ਬੱਦਰ ਇਲਾਕੇ ਵਿੱਚ ਚੂਚਕ ਪਿੰਡ ਦੇ ਨਜ਼ਦੀਕ ਰਾਜਪੂਤ ਫਰੀਦ ਖਾਂ ਭੱਟੀ ਅਤੇ ਬੀਬੀ ਲੱਧੀ ਦੇ ਘਰ ਹੋਇਆ। ਦੁੱਲੇ ਦੇ ਹੋਸ਼ ਸੰਭਾਲਣ ਤੱਕ ਉਸ ਦਾ ਪਰਵਾਰ ਪਿੰਡੀ ਭੱਟੀਆਂ ਆ ਕੇ ਵੱਸ ਗਿਆ। ਦੁੱਲਾ ਭੱਟੀ ਦਾ ਦਾਦਾ ਬਿਜਲੀ ਖਾਂ ਭੱਟੀ ਉਰਫ ਸਾਂਦਲ ਭੱਟੀ ਤੇ ਉਸ ਦੇ ਭਰਾ ਪਿਰੋਜੇ, ਫਤਹਿ ਖਾਂ ਤੇ ਰਾਉ ਅਸਮਾਨ ਖਾਂ ਬਾਦਸ਼ਾਹ ਬਾਬਰ ਦੇ ਸਮੇਂ ਤੋਂ ਹੀ ਮੁਗਲ ਸਲਤਨਤ ਨਾਲ ਲੋਹਾ ਲੈਂਦੇ ਆ ਰਹੇ ਸਨ। ਬਾਦਸ਼ਾਹ ਬਾਬਰ ਦੇ ਬਾਅਦ ਉਸ ਦੇ ਪੁੱਤਰ ਬਾਦਸ਼ਾਹ ਹੁਮਾਯੂੰ ਦੇ ਸ਼ਾਸਨ ਸਮੇਂ ਵੀ ਮੁਗਲ ਹਕੂਮਤ ਵੱਲੋਂ ਜਬਰੀ ਹਰ ਛੋਟੇ ਵੱਡੇ ਜ਼ਿਮੀਂਦਾਰ ਤੋਂ ਲਗਾਨ ਲਿਆ ਜਾਂਦਾ ਸੀ, ਪਰ ਫਰੀਦ ਖਾਂ ਭੱਟੀ ਤੇ ਉਸ ਦੇ ਪਿਤਾ ਸਾਂਦਲ ਲਗਾਨ ਦੇਣ ਤੋਂ ਨਾਂਹ ਕਰ ਦਿੰਦੇ ਸਨ। ਇਸ 'ਤੇ ਬਾਦਸ਼ਾਹ ਹੁਮਾਯੂੰ ਨੇ ਸ਼ਾਹੀ ਫਰਮਾਨ ਜਾਰੀ ਕਰਕੇ ਫਰੀਦ ਖਾਂ ਭੱਟੀ ਤੇ ਸਾਂਦਲ ਭੱਟੀ ਨੂੰ ਗ੍ਰਿਫਤਾਰ ਕਰਕੇ ਦਰਬਾਰ 'ਚ ਪੇਸ਼ ਕਰਨ ਦਾ ਹੁਕਮ ਦਿੱਤਾ। ਸ਼ਾਹੀ ਫੌਜ ਨੇ ਹੁਕਮ ਮਿਲਦਿਆਂ ਸਾਰ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਸਾਂਦਲ ਤੇ ਉਸ ਦੇ ਪੁੱਤਰਾਂ ਪਰਾਣਾ, ਸ਼ੇਖੂ ਅਤੇ ਫਰੀਦ ਨੇ ਆਪਣੇ ਸਾਥੀਆਂ ਸਮੇਤ ਡੱਟ ਕੇ ਮੁਗਲ ਫੌਜ ਦਾ ਮੁਕਾਬਲਾ ਕੀਤਾ, ਪਰ ਆਖਰ ਹਾਰ ਗਏ। ਸ਼ਾਹੀ ਫੌਜ ਨੇ ਉਨ੍ਹਾਂ ਨੂੰ ਮੁਸ਼ਕਾਂ ਬੰਨ੍ਹ ਕੇ ਬਾਦਸ਼ਾਹ ਹੁਮਾਯੂੰ ਦੇ ਦਰਬਾਰ ਵਿੱਚ ਪੇਸ਼ ਕੀਤਾ, ਜਿਥੇ ਹਕੂਮਤ ਵਿਰੁੱਧ ਬਗਾਵਤ ਦੇ ਦੋਸ਼ ਹੇਠ ਹੁਮਾਯੂੰ ਨੇ ਉਨ੍ਹਾਂ ਦੇ ਸਿਰ ਧੜਾਂ ਤੋਂ ਵੱਖ ਕਰਵਾ ਕੇ ਲਾਸ਼ਾਂ ਸ਼ਾਹੀ ਕਿਲ੍ਹੇ ਦੇ ਪਿਛਲੇ ਦਰਵਾਜ਼ੇ ਅੱਗੇ ਲਟਕਵਾ ਦਿੱਤੀਆਂ।

ਆਪਣੇ ਵਡੇਰਿਆਂ ਵਾਂਗ ਹੀ ਅੜਬ ਅਤੇ ਅਮੋੜ ਸੁਭਾਅ ਵਾਲਾ ਦੁੱਲਾ ਜਦੋਂ ਜਵਾਨ ਹੋਇਆ ਤਾਂ ਉਸ ਦੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਪਿੰਡ ਦੀ ਮਿਰਾਸਣ ਨੇ ਉਸ ਨੂੰ ਇਕ ਦਿਨ ਤਾਹਨਾ ਮਾਰਦਿਆਂ ਕਿਹਾ ਕਿ ਜੇ ਨਾ ਸੁਧਰਿਆ ਤਾਂ ਤੇਰਾ ਵੀ ਉਹੀ ਹਾਲ ਹੋਵੇਗਾ, ਜੋ ਮੁਗਲਾਂ ਨੇ ਤੇਰੇ ਪਿਉ ਦਾਦੇ ਦਾ ਕੀਤਾ ਸੀ।

ਮਿਰਾਸਣ ਦਾ ਮਿਹਣਾ ਸੁਣ ਕੇ ਦੁੱਲਾ ਹੱਕਾ ਬੱਕਾ ਰਹਿ ਗਿਆ ਤੇ ਉਸ ਨੇ ਆਪਣੀ ਮਾਂ ਲੱਧੀ ਕੋਲ ਜਾ ਕੇ ਸਾਰੀ ਸੱਚਾਈ ਪੁੱਛੀ। ਮਾਂ ਲੱਧੀ ਨੇ ਬਾਦਸ਼ਾਹ ਹੁਮਾਯੂੰ ਵੱਲੋਂ ਉਸ ਦੇ ਬਾਪ ਦਾਦੇ ਨਾਲ ਕੀਤੇ ਹਸ਼ਰ ਦੀ ਸਾਰੀ ਜਾਣਕਾਰੀ ਉਸ ਨੂੰ ਦੇ ਦਿੱਤੀ। ਇਹ ਸੁਣ ਕੇ ਦੁੱਲੇ ਦਾ ਅਣਖੀ ਖੂਨ ਉਬਾਲੇ ਖਾਣ ਲੱਗਾ। ਅਗਲੇ ਦਿਨ ਉਸ ਨੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਕੱਠਾ ਕੀਤਾ ਤੇ ਮੁਗਲ ਦਰਬਾਰ ਨਾਲ ਸਬੰਧਤ ਮਨਸਬਦਾਰਾਂ ਅਤੇ ਸ਼ਾਹੂਕਾਰਾਂ ਕੋਲੋਂ ਘੋੜੇ, ਧਨ ਅਤੇ ਹਥਿਆਰ ਲੁੱਟਣੇ ਸ਼ੁਰੂ ਕਰ ਦਿੱਤੇ। ਜਲਦੀ ਉਸ ਨੇ ਬਾਰ ਦੇ ਲੜਾਕਿਆਂ ਦੀ ਇਕ ਵੱਡੀ ਫੌਜ ਤਿਆਰ ਕਰਕੇ ਬਾਦਸ਼ਾਹ ਅਕਬਰ ਦੇ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ। ਉਸੇ ਸਮੇਂ ਦੌਰਾਨ ਦੁੱਲਾ ਭੱਟੀ ਆਪਣੇ ਇਲਾਕੇ ਸਾਂਦਲ ਬਾਰ ਦਾ ਇਕ ਪਰਉਪਕਾਰੀ, ਨਿਰਪੱਖ ਤੇ ਨਿਆਂ ਪਸੰਦ ਰਾਜਾ ਬਣ ਕੇ ਉਭਰਿਆ।

ਮੁਗਲ ਹਕੂਮਤ ਵਿਰੁੱਧ ਦੁੱਲੇ ਭੱਟੀ ਦੀਆਂ ਕਾਰਵਾਈਆਂ ਤੋਂ ਤੰਗ ਆ ਕੇ ਬਾਦਸ਼ਾਹ ਅਕਬਰ ਨੇ ਆਪਣੀ ਫੌਜ ਦੇ ਸੈਨਾਪਤੀ ਮਿਰਜ਼ਾ ਨਿਜ਼ਾਮੂਦੀਨ ਨੂੰ 12,000 ਹਥਿਆਰਾਂ ਨਾਲ ਲੈਸ ਸਿਪਾਹੀਆਂ ਦੀ ਫੌਜ ਲਿਜਾ ਕੇ ਦੁੱਲੇ ਭੱਟੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਜਦੋਂ ਮਿਰਜ਼ਾ ਫੌਜ ਲੈ ਕੇ ਪਿੰਡੀ ਭੱਟੀਆਂ ਗਿਆ, ਉਸ ਸਮੇਂ ਦੁੱਲਾ ਭੱਟੀ ਆਪਣੇ ਮਾਮੇ ਰਹਿਮਤ ਖਾਂ ਵੱਲੋਂ ਚਨਿਓਟ 'ਚ ਰੱਖੇ ਸਮਾਗਮ ਵਿੱਚ ਗਿਆ ਹੋਇਆ ਸੀ। ਲੱਧੀ ਨੇ ਜਦੋਂ ਮੁਗਲਾਂ ਦੀ ਫੌਜ ਦੀ ਆਵਾਜ਼ ਸੁਣੀ ਤਾਂ ਉਸ ਨੇ ਦੁੱਲੇ ਦੇ ਪੁੱਤਰ ਨੂਰ ਖਾਂ ਅਤੇ ਚਚੇਰੇ ਭਰਾ ਮੇਹਰੂ ਪੋਸਤੀ ਨੂੰ ਮੁਕਾਬਲਾ ਕਰਨ ਲਈ ਭੇਜ ਦਿੱਤਾ। ਉਨ੍ਹਾਂ ਅੰਤ ਤੱਕ ਡਟ ਕੇ ਮੁਕਾਬਲਾ ਕੀਤਾ, ਪਰ ਵੱਡੀ ਮੁਗਲ ਫੌਜ ਅੱਗੇ ਟਿਕ ਨਾ ਸਕੇ। ਇਸ ਲੜਾਈ ਵਿੱਚ ਮੈਹਰੂ ਪੋਸਤੀ ਤੇ ਬਖਤਉਨੀਸਾ ਮਾਰੇ ਗਏ, ਨੂਰ ਖਾਂ ਤੇ ਲੱਧੀ ਗ੍ਰਿਫਤਾਰ ਕਰ ਲਏ ਗਏ ਤੇ ਦੁੱਲੇ ਦੀ ਧੀ ਸਲੀਮੋ ਅਤੇ ਦੁੱਲੇ ਦੀਆਂ ਪਤਨੀਆਂ ਨੂੰ ਮਿਰਜ਼ਾ ਨਿਜ਼ਾਮੂਦੀਨ ਅਗਵਾ ਕਰਕੇ ਲੈ ਗਿਆ।

ਮਾਂ ਲੱਧੀ ਨੇ ਕਿਸੇ ਤਰ੍ਹਾਂ ਹਿੰਮਤ ਕਰਕੇ ਦੁੱਲੇ ਦੇ ਦੋਸਤ ਨੂਰ ਜੱਟ ਹੱਥ ਦੁੱਲੇ ਤੱਕ ਇਹ ਸੁਨੇਹਾ ਭਿਜਵਾ ਦਿੱਤਾ ਕਿ ਮਿਰਜ਼ਾ ਨਿਜ਼ਾਮੂਦੀਨ ਨੇ ਪਿੰਡੀ ਭੱਟੀਆਂ ਨੂੰ ਲੁੱਟ ਕੇ ਦੁੱਲੇ ਦੀ ਇੱਜ਼ਤ ਨੂੰ ਹੱਥ ਪਾਇਆ ਹੈ। ਦੁੱਲਾ ਤੇ ਉਸ ਦੀ ਫੌਜ ਇਹ ਸੁਨੇਹਾ ਮਿਲਦੇ ਸਾਰ ਸ਼ਾਹੀ ਫੌਜ ਉਤੇ ਹਮਲਾ ਕਰਨ ਲਈ ਤੁਰ ਪਏ ਅਤੇ ਲਾਹੌਰ ਤੋਂ 17 ਕਿਲੋਮੀਟਰ ਪਹਿਲਾਂ ਹੀ ਠਿਕਰੀਵਾਲਾ ਪਤਨ 'ਤੇ ਸ਼ਾਹੀ ਫੌਜ ਦਾ ਰਸਤਾ ਰੋਕ ਲਿਆ। ਇਸ ਲੜਾਈ ਵਿੱਚ ਸ਼ਾਹੀ ਫੌਜ ਨੇ ਦੁੱਲੇ ਨੂੰ ਘੇਰਾ ਪਾ ਕੇ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਜੰਜ਼ੀਰਾਂ ਵਿੱਚ ਜਕੜ ਕੇ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਅਕਬਰ ਦੇ ਹੁਕਮ ਨਾਲ ਦੁੱਲੇ ਨੂੰ 26 ਮਾਰਚ 1589 ਨੂੰ ਲਾਹੌਰ ਵਿਖੇ ਮੁਹੱਲਾ ਨਖਾਸ (ਲੰਡਾ ਬਾਜ਼ਾਰ) ਵਿੱਚ ਨੌਲੱਖਾ ਬਾਜ਼ਾਰ ਦੇ ਨੇੜੇ ਫਾਂਸੀ 'ਤੇ ਲਟਕਾ ਦਿੱਤਾ ਗਿਆ। ਬਾਅਦ ਵਿੱਚ ਦੁੱਲੇ ਨੂੰ ਉਸ ਦੇ ਪਰਵਾਰ ਵਾਲਿਆਂ ਲਾਹੌਰ ਦੇ ਮਿਆਨੀ ਸਾਹਿਬ ਕਬਰਿਸਤਾਨ ਵਿੱਚ ਦਫਨਾ ਦਿੱਤਾ। 1943 ਵਿੱਚ ਲਾਹੌਰ ਦੇ ਮਿਆਨੀ ਸਾਹਿਬ ਕਬਰਿਸਤਾਨ ਵਿੱਚ ਇਕ ਕਬਰ ਨੂੰ ਲਾਹੌਰ ਦੇ ਕਿਸੇ ਬਜ਼ੁਰਗ ਦੀ ਨਿਸ਼ਾਨਦੇਹੀ 'ਤੇ ਦੁੱਲਾ ਭੱਟੀ ਦੀ ਕਬਰ ਵਜੋਂ ਕੁਝ ਭੱਟੀ ਰਾਜਪੂਤਾਂ ਵੱਲੋਂ ਮਾਨਤਾ ਦੇਣ ਪਿੱਛੋਂ ਇਸ ਨੂੰ ਦੁੱਲਾ ਭੱਟੀ ਅਕੈਡਮੀ ਦੇ ਚੇਅਰਮੈਨ ਬਸ਼ੀਰ ਅਹਿਮਦ ਭੱਟੀ ਨੇ ਯਤਨ ਕਰਕੇ 24 ਮਾਰਚ 1988 ਨੂੰ ਪੰਜਾਬ ਸਰਕਾਰ (ਪਾਕਿਸਤਾਨ) ਵੱਲੋਂ ਦੁੱਲਾ ਭੱਟੀ ਦੇ ਇਤਿਹਾਸਕ ਸਮਾਰਕ ਵਜੋਂ ਮਾਨਤਾ ਦਿਵਾ ਲਈ ਹੈ।

# ਚੀਨ ਨੇ ਸੱਤ ਦਿਨਾਂ 'ਚ 40,000 ਤੋਂ ਵੱਧ ਵਾਰ ਸਾਈਬਰ ਹਮਲੇ ਦੀ ਕੋਸ਼ਿਸ਼ ਕੀਤੀ



ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਚੀਨ ਇਸ ਸਮੇਂ ਦੋ ਮੋਰਚਿਆਂ 'ਤੇ ਇਕੱਠੇ ਭਾਰਤ ਵਿਰੁੱਧ ਸਾਜਿਸ਼ ਰਚ ਰਿਹਾ ਹੈ। ਇੱਕ ਅਸਲ ਕੰਟਰੋਲ ਰੇਖਾ ਅਤੇ ਦੂਜਾ ਭਾਰਤ ਦੇ ਸਾਈਬਰ ਸਪੇਸ ਵਿੱਚ। ਬੀਤੀ 15 ਜੂਨ ਨੂੰ ਜਿੱਥੇ ਗਲਵਾਨ ਘਾਟੀ 'ਚ ਫੌਜੀਆਂ ਦੀ ਝੜਪ ਹੋਈ, ਉਥੇ 15 ਜੂਨ ਤੋਂ ਲੈ ਕੇ ਕੱਲ੍ਹ ਤੱਕ ਕਰੀਬ 40,000 ਤੋਂ ਵੀ ਵੱਧ ਵਾਰ ਚੀਨੀ ਹੈਕਰਜ਼ ਨੇ ਭਾਰਤ ਦੇ ਸਾਈਬਰ ਸਪੇਸ 'ਚ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੁਰੱਖਿਆ ਏਜੰਸੀਆਂ ਅਨੁਸਾਰ ਇਨ੍ਹਾਂ 'ਚੋਂ ਬਹੁਤੇ ਹੈਕਰਜ਼ ਚੀਨ ਦੇ ਸਿਚੁਆਨ ਖੇਤਰ 'ਚ ਮੌਜੂਦ ਹਨ। ਸਿਚੁਆਨ ਨੂੰ ਚੀਨੀ ਫੌਜ ਦੇ ਸਾਈਬਰ ਵਾਰਫੇਅਰ ਵਿੰਗ ਦਾ ਹੈਡ ਕੁਆਰਟਰ ਦੱਸਿਆ ਜਾਂਦਾ ਹੈ। ਹਾਲੇ ਇਹ ਦੱਸਿਆ ਜਾਣਾ ਔਖਾ ਹੈ ਕਿ ਇਹ ਸਭ ਸਟੇਟ ਐਕਟਰ ਹੈ ਜਾਂ ਨਾਨ ਸਟੇਟ ਐਕਟਰਜ਼। ਇਸ ਬਾਰੇ ਮਹਾਰਾਸ਼ਟਰ ਸਾਈਬਰ ਇੰਟੈਲੀਜੈਂਸ ਸੈੱਲ ਦੇ ਸਪੈਸ਼ਲ ਆਈ ਜੀ ਯਸ਼ੱਸਵੀ ਯਾਦਵ ਨੇ ਦੱਸਿਆ ਕਿ ਇਸ ਕੰਮ ਲਈ ਚੀਨੀ ਹੈਕਰਜ਼ ਦੋ ਤਕਨੀਕ ਦੀ ਵਰਤੋਂ ਕਰਦੇ ਹਨ। ਪਹਿਲਾ ਟਾਈਪ ਹੈ ਡੇਨੀਅਰ ਆਫ ਸਰਵਿਸ ਅਟੈਕ। ਜੇ ਕਿਸੇ ਯੂਟੀਲਿਟੀ ਪ੍ਰੋਵਾਈਡਰ ਵੈਬਸਾਈਟ ਦੀ ਸਿਰਫ ਇੱਕ ਹਜ਼ਾਰ ਲੋਕਾਂ ਦੀ ਰਿਕਵੈਸਟ ਐਕਸੈਪਟ ਕਰਨ ਦੀ ਸਮਰੱਥਾ ਹੈ ਤਾਂ ਇਹ ਹੈਕਰਜ਼ ਉਸ ਨੂੰ ਹੈਕ ਕਰ ਕੇ ਇਸਦੀ ਸਮਰੱਥਾ ਨੂੰ 10 ਲੱਖ ਤੱਕ ਲਿਜਾਂਦੇ ਹਨ, ਜਿਸ ਨਾਲ ਪੂਰਾ ਸਿਸਟਮ ਕ੍ਰੈਸ਼ ਹੋ ਜਾਂਦਾ ਹੈ। ਦੂਜਾ ਹੈ ਇੰਟਰਨੈੱਟ ਪ੍ਰੋਟੋਕਾਲ ਹਾਈਜੈੱਕ, ਇਸ ਵਿੱਚ ਹੈਕਰਜ਼ ਕਿਸੇ ਵੈੱਬਸਾਈਟ ਜਾਂ ਇੰਟਰਨੈੱਟ ਆਕਊਂਟ ਦਾ ਆਨਲਾਈਨ ਟਰੈਫਿਕ ਚੀਨ ਵੱਲ ਨੂੰ ਡਾਈਵਰਟ ਕਰਕੇ ਟਾਰਗੇਟ ਤੱਕ ਲਿਜਾਂਦੇ ਹਨ, ਜਿਸ ਨਾਲ ਸਰਵਿਲਾਂਸ 'ਚ ਵਰਤਿਆ ਜਾ ਸਕੇ। ਯਾਦਵ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਇੱਕ ਵੀ ਸਾਈਬਰ ਅਟੈਕ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਗਿਆ।

## ਜੈਸ਼ੰਕਰ ਨੇ ਚੀਨੀ ਵਿਦੇਸ਼ ਮੰਤਰੀ ਨੂੰ ਕੌਮਾਂਤਰੀ ਸਬੰਧਾਂ ਦੇ ਨੇਮਾਂ ਦੀ ਪਾਲਣਾ ਕਰਨ ਲਈ ਕਿਹਾ



ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਰੂਸ-ਭਾਰਤ-ਚੀਨ (ਰਿਕ) ਗੱਠਜੋੜ ਦੇ ਵਿਦੇਸ਼ ਮੰਤਰੀਆਂ ਵਿਚਾਲੇ ਕੱਲ੍ਹ ਦੀ ਵਰਚੂਅਲ ਕਾਨਫਰੰਸ ਮੌਕੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬਹੁ ਪੱਖੀ ਢਾਂਚੇ ਵਿੱਚ ਭਾਈਵਾਲਾਂ ਦੇ ਕਾਨੂੰਨੀ ਹਿੱਤ ਪਛਾਨਣ ਅਤੇ ਕੌਮਾਂਤਰੀ ਸਬੰਧਾਂ ਦੇ ਨੇਮਾਂ ਦੀ ਪਾਲਣਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਇਹ ਟਿੱਪਣੀ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦੀ ਹਾਜ਼ਰੀ ਵਿੱਚ ਭਾਰਤ-ਚੀਨ ਵਿਚਾਲੇ ਤਣਾਅ ਦੌਰਾਨ ਕੀਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਹਫ਼ਤੇ ਗਲਵਾਨ ਵਾਦੀ ਵਿੱਚ ਭਾਰਤ-ਚੀਨ ਦੀਆਂ ਫੌਜਾਂ ਵਿਚਾਲੇ ਹਿੰਸਕ ਝੜਪਾਂ ਵਿੱਚ 20 ਭਾਰਤੀ ਜਵਾਨ ਮਾਰੇ ਗਏ ਸਨ। ਭਾਰਤ ਨੇ ਸਰਹੱਦ 'ਤੇ ਭਾਰਤੀ ਜਵਾਨਾਂ ਦੀ ਚੀਨੀ ਫੌਜਾਂ ਵੱਲੋਂ ਕੀਤੀ ਹੱਤਿਆ ਨੂੰ 'ਪਹਿਲਾਂ ਤੋਂ ਸੋਚੀ-ਸਮਝੀ ਅਤੇ ਯੋਜਨਾਬੱਧ ਕਾਰਵਾਈ' ਕਰਾਰ ਦਿੱਤਾ ਸੀ। ਕੱਲ੍ਹ 'ਰਿਕ' ਦੀ ਮੀਟਿੰਗ ਦੌਰਾਨ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ, ''ਇਹ ਵਿਸ਼ੇਸ਼ ਬੈਠਕ ਕੌਮਾਂਤਰੀ ਰਿਸ਼ਤਿਆਂ 'ਤੇ ਸਮੇਂ-ਸਮੇਂ ਅਜ਼ਮਾਏ ਸਿਧਾਂਤਾਂ ਵਿੱਚ ਸਾਡੇ ਭਰੋਸੇ ਨੂੰ ਦੁਹਰਾਉਂਦੀ ਹੈ, ਪਰ ਅੱਜ ਚੁਣੌਤੀ ਕੇਵਲ ਸੰਕਲਪਾਂ ਅਤੇ ਨੇਮਾਂ ਦੀ ਨਹੀਂ, ਇਨ੍ਹਾਂ ਦੀ ਪਾਲਣਾ ਕਰਨ ਦੀ ਹੈ।'' ਉਨ੍ਹਾਂ ਕਿਹਾ, ''ਦੁਨੀਆ ਭਰ ਦੀਆਂ ਅਗਾਂਹਵਧੂ ਆਵਾਜ਼ਾਂ ਹਰ ਤਰ੍ਹਾਂ ਮਿਸਾਲ ਹੋਣੀਆਂ ਚਾਹੀਦੀਆਂ ਹਨ। ਕੌਮਾਂਤਰੀ ਨੇਮਾਂ ਦਾ ਸਤਿਕਾਰ ਕਰਨਾ, ਭਾਈਵਾਲਾਂ ਦੇ ਕਾਨੂੰਨੀ ਹਿੱਤਾਂ ਨੂੰ ਪਛਾਣਨਾ, ਬਹੁਪੱਖੀਪੁਣੇ ਨੂੰ ਸਹਿਯੋਗ ਦੇਣਾ ਅਤੇ ਹਰੇਕ ਦੇ ਭਲੇ ਨੂੰ ਉਤਸ਼ਾਹ ਦੇਣਾ ਹੀ ਵਿਸ਼ਵ ਵਿੱਚ ਲੰਬੇ ਸਮੇਂ ਲਈ ਅਮਨ-ਸ਼ਾਂਤੀ ਰੱਖਣ ਦੇ ਢੰਗ ਹਨ।'' ਵਿਦੇਸ਼ੀ ਮੰਤਰੀ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਅਸਿੱਧੇ ਢੰਗ ਨਾਲ ਚੀਨ ਨੂੰ ਦਿੱਤੇ ਇੱਕ ਸੁਨੇਹੇ ਵਜੋਂ ਦੇਖਿਆ ਜਾ ਰਿਹਾ ਹੈ।

ਜੈਸ਼ੰਕਰ ਨੇ ਕਾਨਫੰਰਸ ਦੇ ਸ਼ੁਰੂ ਵਿੱਚ ਕਿਹਾ ਕਿ ਭਾਰਤ ਨੂੰ ਦੂਜੀ ਵਿਸ਼ਵ ਜੰਗ ਪਿੱਛੋਂ ਸੰਸਾਰ ਪੱਧਰ 'ਤੇ ਅਮਨ-ਸ਼ਾਂਤੀ ਲਈ ਦਿੱਤੇ ਯੋਗਦਾਨ ਲਈ ਢੁਕਵੀਂ ਮਾਨਤਾ ਨਹੀਂ ਦਿੱਤੀ ਗਈ ਅਤੇ ਇਹ ਇਤਿਹਾਸਿਕ ਬੇਇਨਸਾਫ਼ੀ ਪਿਛਲੇ 75 ਸਾਲਾਂ ਦੌਰਾਨ 'ਦਰੁਸਤ ਨਹੀਂ' ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਕਰਕੇ ਵਿਸ਼ਵ ਲਈ ਇਹ ਜ਼ਰੂਰੀ ਹੈ ਕਿ ਉਹ ਭਾਰਤ ਵੱਲੋਂ ਦਿੱਤੇ ਯੋਗਦਾਨ ਦਾ ਅਹਿਸਾਸ ਕਰੇ ਅਤੇ ਬੀਤੇ ਨੂੰ ਦਰੁਸਤ ਕਰੇ।

## ਪਾਕਿਸਤਾਨ ਸਰਹੱਦ ਤੋਂ ਟਿੱਡੀ ਦਲਾਂ ਦਾ ਦੂਜਾ ਵੱਡਾ ਹਮਲਾ



ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਪਾਕਿਸਤਾਨੀ ਸਰਹੱਦ ਤੋਂ ਟਿੱਡੀ ਦਲਾਂ ਦਾ ਇੱਕ ਦੂਜਾ ਵੱਡਾ ਹਮਲਾ ਹੋਇਆ ਹੈ। ਟਿੱਡੀਆਂ ਦਾ ਝੁੰਡ ਰਾਜਸਥਾਨ ਤੋਂ ਬਾਅਦ ਗੁਜਰਾਤ, ਮੱਧ ਪ੍ਰਦੇਸ਼ ਤੇ ਹਰਿਆਣਾ ਵੱਲ ਨੂੰ ਵਧ ਰਿਹਾ ਹੈ। ਸਰਕਾਰ ਨੇ ਇਸ ਹਮਲੇ ਨੂੰ ਨਾਕਾਮ ਕਰਨ ਲਈ ਪੂਰੀ ਤਾਕਤ ਲਾ ਦਿੱਤੀ ਹੈ। ਟਿੱਡੀਆਂ ਦੇ ਝੁੰਡ 'ਤੇ ਕੀਟਨਾਸ਼ਕਾਂ ਦੇ ਛਿੜਕਾਅ ਲਈ ਹਵਾਈ ਜਹਾਜ਼, ਹੈਲੀਕਾਪਟਰ ਤੇ ਡਰੋਨ ਤੈਨਾਤ ਕਰ ਦਿੱਤੇ ਗਏ ਹਨ।

ਦੱਖਣ ਪੱਛਮੀ ਮੌਨਸੂਨ ਦੇ ਸਰਗਰਮ ਹੋਣ ਦੇ ਬਾਅਦ ਤੋਂ ਟਿੱਡੀ ਦਲਾਂ ਦੇ ਹਮਲੇ ਦਾ ਡਰ ਵਧ ਗਿਆ ਹੈ। ਭਾਰਤ ਦੇ ਉੱਤਰੀ ਰਾਜਾਂ ਵਿੱਚ ਮਾਨਸੂਨ ਪਿਛਲੇ ਸਾਲਾਂ ਦੇ ਮੁਕਾਬਲੇ ਇੱਕ ਹਫਤੇ ਪਹਿਲਾਂ ਸਰਗਰਮ ਹੋ ਗਿਆ ਹੈ। ਦਿੱਲੀ ਸਮੇਤ ਪੂਰੇ ਕੌਮੀ ਰਾਜਧਾਨੀ ਖੇਤਰ (ਐੱਨ ਸੀ ਆਰ) 'ਚ 24 ਜੂਨ ਤੋਂ ਮਾਨਸੂਨੀ ਬਾਰਿਸ਼ ਸ਼ੁਰੂ ਹੋ ਜਾਵੇਗੀ। ਮੱਧ ਪ੍ਰਦੇਸ਼ ਅਤੇ ਗੁਜਰਾਤ 'ਚ ਮਾਨਸੂਨ ਦੀ ਬਾਰਿਸ਼ ਸ਼ੁਰੂ ਹੋ ਗਈ ਹੈ। ਇਸੇ ਦੇ ਮੱਦੇਨਜ਼ਰ ਟਿੱਡੀ ਦਲਾਂ ਤੋਂ ਪ੍ਰਭਾਵਤ ਹੋਣ ਵਾਲੇ ਰਾਜਾਂ ਦੇ ਨਾਲ ਕੇਂਦਰੀ ਪੱਧਰ 'ਤੇ ਵੀ ਟਿੱਡੀਆਂ ਨੂੰ ਖਤਮ ਕਰਨ ਦੀ ਤਿਆਰੀ ਕੀਤੀ ਗਈ ਹੈ। ਖੇਤੀ ਮੰਤਰਾਲੇ ਵਿੱਚ ਇਸ ਬਾਰੇ ਉੱਚ ਪੱਧਰੀ ਬੈਠਕ ਵਿੱਚ ਸਮੱਸਿਆ ਨਾਲ ਨਜਿੱਠਣ ਬਾਰੇ ਚੁੱਕੇ ਗਏ ਕਦਮਾਂ ਦੀ ਸਮੀਖਿਆ ਕੀਤੀ ਗਈ ਹੈ।

ਡਰੋਨ ਰਾਹੀਂ ਟਿੱਡੀ ਦਲਾਂ 'ਤੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਕੇ ਉਨ੍ਹਾਂ ਨੂੰ ਖਤਮ ਕਰਨ ਵਾਲਾ ਭਾਰਤ ਪਹਿਲਾ ਦੇਸ਼ ਹੈ। ਫੂਡ ਅਤੇ ਖੇਤੀ ਆਰਗੇਨਾਈਜ਼ੇਸ਼ਨ (ਐੱਫ ਏ ਓ) ਨੇ ਟਿੱਡੀ ਦਲ ਨੂੰ ਖਤਮ ਕਰਨ ਦੇ ਇਸ ਤਰੀਕੇ 'ਤੇ ਖੁਸ਼ੀ ਪ੍ਰਗਟ ਕਰਦਿਆਂ ਵਿਗਿਆਨੀਆਂ ਦੀ ਸ਼ਲਾਘਾ

## ਚੀਨ ਦੇ ਮੁੱਦੇ ਉੱਤੇ ਲੋਕਾਂ ਦੀ ਵੱਡੀ ਬਹੁ-ਗਿਣਤੀ ਮੋਦੀ ਦੇ ਨਾਲ



ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਲੱਦਾਖ ਵਿੱਚ ਚੀਨ ਨਾਲ ਹੋਈ ਝੜਪ ਅਤੇ ਵਿਵਾਦ ਪਿੱਛੋਂ ਵੀ ਦੇਸ਼ ਦਾ ਵੱਡਾ ਬਹੁਮਤ ਮੰਨਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਸੁਰੱਖਿਅਤ ਹੈ। ਏਜੰਸੀ ਸੀ-ਵੋਟਰ ਦੇ ਸਰਵੇ ਮੁਤਾਬਕ 73 ਫੀਸਦੀ ਤੋਂ ਵੱਧ ਲੋਕ ਇਸ ਮਤ ਵਾਲੇ ਹਨ। 60 ਫੀਸਦੀ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਚੀਨ ਨੂੰ ਜਿੰਨਾ ਸਬਕ ਸਿਖਾਇਆ ਜਾਣਾ ਚਾਹੀਦਾ, ਅਜੇ ਉਹ ਓਨਾ ਨਹੀਂ ਹੋਇਆ। ਸੀ-ਵੋਟਰ ਦੇ ਸਰਵੇ ਵਿੱਚ ਕੁਝ ਹੋਰ ਵੀ ਸਾਹਮਣੇ ਆ ਰਿਹਾ ਹੈ। ਏਜੰਸੀ ਦਾ 11 ਹਜ਼ਾਰ ਤੋਂ ਵੱਧ ਲੋਕਾਂ 'ਤੇ ਸਰਵੇ ਦੱਸਦਾ ਹੈ ਕਿ 68 ਫੀਸਦੀ ਲੋਕ ਪਾਕਿਸਤਾਨ ਦੇ ਮੁਕਾਬਲੇ ਚੀਨ ਨੂੰ ਵੱਡੀ ਸਮੱਸਿਆ ਮੰਨਦੇ ਹਨ। ਲੋਕਾਂ ਤੋਂ ਇਹ ਵੀ ਪੁੱਛਿਆ ਗਿਆ ਕਿ ਕੀ ਚੀਨ ਨੂੰ ਭਾਰਤ ਨੇ ਸਹੀ ਜਵਾਬ ਦਿੱਤਾ ਹੈ? ਜਵਾਬ ਵਿੱਚ 39 ਫੀਸਦੀ ਲੋਕਾਂ ਨੇ ਕਿਹਾ ਕਿ ਕੇਂਦਰ ਨੇ ਕਰਾਰਾ ਜਵਾਬ ਦਿੱਤਾ, ਪਰ 60 ਫੀਸਦੀ ਲੋਕਾਂ ਨੂੰ ਅਜੇ ਹੋਰ ਕਾਰਵਾਈ ਦੀ ਇੱਛਾ ਹੈ। ਲਗਭਗ 73 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਦੇਸ਼ ਦੀ ਰੱਖਿਆ ਪੀ ਐੱਮ ਮੋਦੀ ਦੇ ਹੱਥ ਵਿੱਚ ਸੁਰੱਖਿਤ ਹੈ। ਇਸ ਦੌਰਾਨ ਵੀ 14.4 ਫੀਸਦੀ ਲੋਕਾਂ ਨੇ ਰਾਹੁਲ ਗਾਂਧੀ 'ਤੇ ਭਰੋਸਾ ਜਤਾਇਆ ਹੈ।

## ਕੋਰੋਨਾ ਕਾਰਨ ਭਾਰਤੀ ਮੁਸਲਮਾਨ ਹੱਜ ਨਹੀਂ ਜਾਣਗੇ

ਨਵੀਂ ਦਿੱਲੀ, 24 ਜੂਨ (ਪੋਸਟ ਬਿਊਰੋ)- ਸਾਊਦੀ ਅਰਬ ਦੇ ਸੁਝਾਅ ਮਗਰੋਂ ਭਾਰਤ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਏਥੋਂ ਮੁਸਲਮ ਨਾਗਰਿਕ 2020 ਦੇ ਹੱਜ ਲਈ ਨਹੀਂ ਜਾਣਗੇ।

ਵਰਨਣ ਯੋਗ ਹੈ ਕਿ ਸਾਊਦੀ ਅਰਬ ਨੇ ਦੁਨੀਆ ਭਰ ਦੇ ਮੁਲਕਾਂ ਨੂੰ ਕਿਹਾ ਹੈ ਕਿ ਕੋਰੋਨਾ ਵਾਇਰਸ ਕਾਰਨ ਇਸ ਸਾਲ ਹੱਜ ਲਈ ਲੋਕ ਨਾ ਭੇਜੇ ਜਾਣ। ਇਸ ਬਾਰੇ ਭਾਰਤ ਦੇ ਘੱਟ ਗਿਣਤੀਆਂ ਬਾਰੇ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਕਿਹਾ ਕਿ ਸਾਊਦੀ ਅਰਬ ਦੇ ਹੱਜ ਅਤੇ ਉਮਰਾਹ ਮੰਤਰੀ ਮੁਹੰਮਦ ਸਾਲੇਹ ਬਿਨ ਤਾਹਿਰ ਬੇਂਤਨ ਨੇ ਭਾਰਤ ਸਰਕਾਰ ਨੂੰ ਟੈਲੀਫੋਨ ਰਾਹੀਂ ਦੱਸਿਆ ਅਤੇ ਸੁਝਾਅ ਦਿੱਤਾ ਹੈ ਕਿ ਕੋਵਿਡ-19 ਸੰਕਟ ਦੇ ਕਾਰਨ ਇਸ ਸਾਲ ਹੱਜ ਲਈ ਭਾਰਤ ਤੋਂ ਲੋਕ ਨਾ ਭੇਜੇ ਜਾਣ। ਸਾਊਦੀ ਅਰਬ ਨੇ ਕੱਲ੍ਹ ਕਿਹਾ ਸੀ ਕਿ ਉਹ ਇਸ ਸਾਲ ਹੱਜ ਦੇ ਲਈ ਕੌਮਾਂਤਰੀ ਯਾਤਰੀਆਂ ਉੱਤੇ ਪਾਬੰਦੀ ਲਾ ਰਹੇ ਹਨ। ਨਕਵੀ ਨੇ ਦੱਸਿਆ ਕਿ ਹੱਜ ਲਈ 2020 ਵਿੱਚ 2,13,000 ਅਰਜ਼ੀਆਂ ਮਿਲੀਆਂ ਸਨ, ਜਿਨ੍ਹਾਂ ਦੇ ਪੈਸੇ ਮੋੜਨ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ ਤੇ ਕੋਈ ਕਟੌਤੀ ਨਹੀਂ ਕੀਤੀ ਜਾ ਰਹੀ। ਨਕਵੀ ਨੇ ਦੱਸਿਆ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਭਾਰਤ ਤੋਂ ਹੱਜ ਲਈ ਯਾਤਰੀ ਸਾਊਦੀ ਅਰਬ ਨਹੀਂ ਜਾ ਰਹੇ, ਕਿਉਂਕਿ ਮਹਾਮਾਰੀ ਕਾਰਨ ਸਥਿਤੀ ਖਰਾਬ ਹੈ। 'ਮਹਿਰਮ' (ਪੁਰਸ਼ ਸਾਥੀ) ਤੋਂ ਬਿਨਾਂ ਹੱਜ ਜਾਣ ਲਈ ਕਰੀਬ 2300 ਔਰਤਾਂ ਨੇ ਅਰਜ਼ੀਆਂ ਦਿੱਤੀ ਸੀ, ਉਨ੍ਹਾਂ ਨੂੰ 2021 ਵਿੱਚ ਇਸੇ ਅਰਜ਼ੀ ਦੇ ਅਧਾਰ ਉਤੇ ਜਾਣ ਦਿੱਤਾ ਜਾਵੇਗਾ।

## ਆਰ ਜੇ ਡੀ ਦੇ ਪੰਜ ਐਮ ਐਲ ਸੀਜ਼ ਨੇ ਪਾਰਟੀ ਛੱਡੀ

ਪਟਨਾ, 24 ਜੂਨ (ਪੋਸਟ ਬਿਊਰੋ)- ਬਿਹਾਰ ਦੀ ਮੁੱਖ ਵਿਰੋਧੀ ਪਾਰਟੀ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਪੰਜ ਵਿਧਾਨ ਪ੍ਰੀਸ਼ਦ ਮੈਂਬਰਾਂ ਦੇ ਪਾਰਟੀ ਤੋਂ ਅਸਤੀਫਾ ਦਿੱਤਾ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਦਲ ਜਨਤਾ ਦਲ (ਯੂ) 'ਚ ਸ਼ਾਮਲ ਹੋ ਗਏ ਹਨ। ਸਾਬਕਾ ਕੇਂਦਰੀ ਮੰਤਰੀ ਰਘੂਵੰਸ਼ ਪ੍ਰਸਾਦ ਸਿੰਘ ਨੇ ਆਰ ਜੇ ਡੀ ਦੇ ਕੌਮੀ ਉਪ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਨਾਲ ਸਾਲ ਦੇ ਅਖੀਰ ਵਿੱਚ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਰ ਜੇ ਡੀ ਨੂੰ ਇੱਕ ਵੱਡਾ ਝਟਕਾ ਲੱਗਾ ਸਮਝਿਆ ਜਾਂਦਾ ਹੈ।

ਆਰ ਜੇ ਡੀ ਵਿੱਚ ਇਸ ਘਟਨਾਕ੍ਰਮ ਦੀ ਸ਼ੁਰੂਆਤ ਏਦਾਂ ਹੋਈ ਕਿ ਪਾਰਟੀ ਦੇ ਪੰਜ ਐੱਮ ਐੱਲ ਸੀ, ਐੱਸ ਐੱਮ ਕਮਰ ਆਲਮ, ਸੰਜੇ ਪ੍ਰਸਾਦ, ਰਾਧਾ ਚਰਨ ਸੇਠ, ਰਣਵਿਜੇ ਕੁਮਾਰ ਸਿੰਘ ਅਤੇ ਦਿਲੀਪ ਰਾਏ ਨੇ ਬਿਹਾਰ ਵਿਧਾਨ ਪ੍ਰੀਸ਼ਦ ਦੇ ਕਾਰਜਕਾਰੀ ਚੇਅਰਮੈਨ ਅਵਧੇਸ਼ ਨਾਰਾਇਣ ਸਿੰਘ ਨਾਲ ਕੱਲ੍ਹ ਮੁਲਾਕਾਤ ਕਰ ਕੇ ਆਪਣੀ ਪਾਰਟੀ ਤੋਂ ਅਸਤੀਫਾ ਦੇਣ ਦੀ ਸੂਚਨਾ ਉਨ੍ਹਾਂ ਨੂੰ ਦਿੱਤੀ। ਇਸ ਦੇ ਬਾਅਦ ਉਨ੍ਹਾਂ ਨੂੰ ਵੱਖਰੇ ਦਲ ਦੇ ਰੂਪ ਵਿੱਚ ਮਾਨਤਾ ਦੇਣ ਅਤੇ ਉਸ ਦਲ ਦਾ ਜਨਤਾ ਦਲ (ਯੂ) ਵਿੱਚ ਰਲੇਵਾਂ ਕੀਤੇ ਜਾਣ ਦੀ ਮਨਜ਼ੂਰੀ ਮੰਗੀ, ਜੋ ਉਨ੍ਹਾਂ ਨੂੰ ਮਿਲ ਗਈ। ਆਰ ਜੇ ਡੀ ਛੱਡਣ ਵਾਲੇ ਇਨ੍ਹਾਂ ਐੱਮ ਐੱਲ ਸੀ ਦੇ ਬਾਅਦ ਉਤਲੇ ਸਦਨ ਵਿੱਚ ਜਨਤਾ ਦਲ (ਯੂ) ਦੀ ਚੀਫ ਵ੍ਹਿਪ ਰੀਨਾ ਯਾਦਵ ਨੇ ਪਾਰਟੀ ਦੇ ਸਹਿਮਤੀ ਪੱਤਰ ਦੇ ਨਾਲ ਕਾਰਜਕਾਰੀ ਚੇਅਰਮੈਨ ਨਾਲ ਮੁਲਾਕਾਤ ਕੀਤੀ ਜਿਸ 'ਤੇ ਉਨ੍ਹਾਂ ਨੇ ਆਪਣੀ ਮਨਜ਼ੂਰੀ ਦੇ ਦਿੱਤੀ।

ਪੰਜ ਐੱਮ ਐੱਲ ਸੀ ਦੇ ਪਾਰਟੀ ਛੱਡਣ ਦੇ ਬਾਅਦ 75 ਮੈਂਬਰੀ ਸਦਨ ਵਿੱਚ ਆਰ ਜੇ ਡੀ ਦੇ ਮੈਂਬਰਾਂ ਦੀ ਗਿਣਤੀ ਸਿਰਫ ਤਿੰਨ ਰਹਿ ਗਈ ਹੈ। ਸੱਤਾਧਾਰੀ ਐੱਨ ਡੀ ਏ ਗੱਠਜੋੜ ਦੇ ਸੂਤਰਾਂ ਨੇ ਸੰਭਾਵਨਾ ਪ੍ਰਗਟਾਈ ਹੈ ਕਿ ਬਿਹਾਰ ਵਿਧਾਨ ਸਭਾ ਵਿੱਚ ਲੋੜੀਂਦਾ ਬਹੁਮਤ ਨਾਲ ਨਾ ਹੋਣ ਕਾਰਨ ਆਰ ਜੇ ਡੀ ਮੁਖੀ ਲਾਲੂ ਪ੍ਰਸਾਦ ਦੀ ਪਤਨੀ ਤੇ ਪਾਰਟੀ ਦੀ ਰਾਸ਼ਟਰੀ ਉਪ ਚੇਅਰਪਰਸਨ ਰਾਬੜੀ ਦੇਵੀ ਸਦਨ ਵਿੱਚ ਵਿਰੋਧੀ ਧਿਰ ਦੀ ਨੇਤਾ ਦੀ ਕੁਰਸੀ ਗਵਾ ਸਕਦੀ ਹੈ। ਇਸ ਦੌਰਾਨ ਕੋਵਿਡ 19 ਦੇ ਕਾਰਨ ਏਮਸ, ਪਟਨਾ ਵਿਚ ਭਰਤੀ ਰਘੂਵੰਸ਼ ਪ੍ਰਸਾਦ ਸਿੰਘ ਦੀ ਪਾਰਟੀ ਦੇ ਰਾਸ਼ਟਰੀ ਉਪ ਪ੍ਰਧਾਨ ਦੇ ਅਹੁਦੇ ਤੋਂ ਅਸਤੀਫੇ ਦੇ ਐਲਾਨ ਨੇ ਆਰ ਜੇ ਡੀ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਬਾਹੂਬਲੀ ਤੋਂ ਰਾਜਨੇਤਾ ਬਣੇ ਰਾਮਾ ਸਿੰਘ ਨੂੰ ਆਰ ਜੇ ਡੀ ਵਿੱਚ ਸ਼ਾਮਲ ਕਰਨ ਦੀ ਚਰਚਾ ਤੋਂ ਪ੍ਰੇਸ਼ਾਨ ਰਘੂਵੰਸ਼ ਨੇ ਕਿਹਾ ਕਿ ਉਹ ਪਾਰਟੀ ਨੂੰ ਨਹੀਂ ਛੱਡ ਰਹੇ।

## ਮੁੰਬਈ ਤੋਂ 70 ਅਤੇ ਮਾਨੇਸਰ ਵਿੱਚੋਂ 17 ਕੋਰੋਨਾ ਪਾਜ਼ੇਟਿਵ ਮਰੀਜ਼ ਲਾਪਤਾ ਹੋ ਗਏ

ਮੁੰਬਈ, 24 ਜੂਨ (ਪੋਸਟ ਬਿਊਰੋ)- ਮੁੰਬਈ 'ਚ ਕੋਰੋਨਾ ਦੇ ਪਾਜ਼ਿਟਿਵ ਟੈਸਟ ਵਾਲੇ 70 ਤੋਂ ਜ਼ਿਆਦਾ ਮਰੀਜ਼ਾਂ ਦੇ ਉਸ ਵਾਰਡ ਤੋਂ ਲਾਪਤਾ ਹੋਣ ਸੂਚਨਾ ਮਿਲੀ ਹੈ, ਜਿਹੜਾ ਕੋਰੋਨਾ ਦਾ ਹਾਟ-ਸਪਾਟ ਬਣ ਗਿਆ ਹੈ।

ਡਿਪਟੀ ਕਮਿਸ਼ਨਰ ਪੁਲਸ ਅਸ਼ੋਕ ਨੇ ਕਿਹਾ ਕਿ ਨਗਰ ਪਾਲਿਕਾ ਨੇ ਪੀ ਵਾਰਡ ਮਰੀਜ਼ਾਂ ਦੀ ਭਾਲ ਲਈ ਪੁਲਸ ਨੂੰ ਪੱਤਰ ਲਿਖਿਆ ਹੈ। ਕੋਰੋਨਾ ਦਾ ਟੈਸਟ ਕਰਦੇ ਸਮੇਂ ਹਰ ਵਿਅਕਤੀ ਦਾ ਫੋਨ ਨੰਬਰ, ਪਤਾ ਆਦਿ ਦਰਜ ਕਰ ਲਿਆ ਜਾਂਦਾ ਹੈ। ਕੁਝ ਲੋਕ ਅਸਲ ਜਾਣਕਾਰੀ ਨਹੀਂ ਦਿੰਦੇ ਅਤੇ ਗਲਤ ਵੇਰਵੇ ਦਿੰਦੇ ਜਾਂ ਲੈਬ ਵਰਕਰ ਅਣਜਾਣੇ 'ਚ ਗਲਤ ਜਾਣਕਾਰੀ ਭਰ ਦਿੰਦੇ ਹਨ। ਇਸ ਸਮੇਂ ਮਲਾਡ ਦੇ ਪੀ ਵਾਰਡ 'ਚ ਕੋਰੋਨਾ ਵਾਇਰਸ ਫੈਲ ਰਿਹਾ ਹੈ।

ਓਧਰ ਮਾਰੂਤੀ ਸੁਜ਼ੂਕੀ ਇੰਡੀਆ (ਐਮ ਐਸ ਆਈ) ਦੇ ਹਰਿਆਣਾ ਦੇ ਮਾਨੇਸਰ ਪਲਾਂਟ ਵਿੱਚ ਤਾਇਨਾਤ ਇੱਕ ਨਿੱਜੀ ਸੁਰੱਖਿਆ ਏਜੰਸੀ ਦੇ 17 ਕਰਮਚਾਰੀ ਕੋਰੋਨਾ ਵਾਇਰਸ ਤੋਂ ਇਨਫੈਕਟਿਡ ਪਾਏ ਜਾਣ ਪਿੱਛੋਂ ਲਾਪਤਾ ਹਨ। ਇਹ ਸਾਰੇ ਸੁਰੱਖਿਆ ਏਜੰਸੀ ਐਸ ਆਈ ਐਸ ਇੰਡੀਆ ਦੇ ਕਰਮਚਾਰੀ ਹਨ।

## ਪੰਜਾਬ ਵਿੱਚ ਰਾਤ ਅੱਠ ਵਜੇ ਤੱਕ ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਬੈਠਣ ਦੀ ਖੁੱਲ੍ਹ ਮਿਲੀ



ਚੰਡੀਗੜ੍ਹ, 24 ਜੂਨ(ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸਖ਼ਤ ਸ਼ਰਤਾਂ ਨਾਲ ਰਾਜ ਵਿਚਲੇ ਸਾਰੇ ਹੋਟਲਾਂ ਅਤੇ ਰੈਸਤਰਾਂ ਨੂੰ ਖੋਲ੍ਹਣ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਪੇਸ਼ਕਦਮੀ ਨਾਲ ਵਿੱਤੀ ਸੰਕਟ ਝੱਲ ਰਹੀ ਹੋਟਲ ਸਨਅਤ ਨੂੰ ਥੋੜ੍ਹੀ ਕੁ ਰਾਹਤ ਮਿਲੇਗੀ। ਕੋਰੋਨਾ ਵਾਇਰਸ ਦੇ ਕਹਿਰ ਮਗਰੋਂ ਪੰਜਾਬ ਭਰ ਵਿੱਚ ਕਰੀਬ ਪੰਜ ਹਜ਼ਾਰ ਹੋਟਲ ਅਤੇ ਰੈਸਟੋਰੈਂਟ ਪੂਰੀ ਤਰ੍ਹਾਂ ਬੰਦ ਪਏ ਸਨ। ਮੁੱਢਲੇ ਪੜਾਅ 'ਤੇ ਸਰਕਾਰ ਨੇ ਇਨ੍ਹਾਂ ਤੋਂ ਹੋਮ ਡਿਲਿਵਰੀ ਦੀ ਖੁੱਲ੍ਹ ਦਿੱਤੀ ਸੀ। ਅੱਗੇ ਤੋਂ ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਬੈਠ ਕੇ ਰਾਤ ਅੱਠ ਵਜੇ ਤੱਕ ਖਾਣਾ ਖਾਣ ਦੀ ਛੋਟ ਦੇ ਦਿੱਤੀ ਗਈ ਹੈ, ਪਰ ਬਾਰ ਪਹਿਲਾਂ ਵਾਂਗ ਅਜੇ ਬੰਦ ਰਹਿਣਗੇ। ਪੰਜਾਬ ਵਿੱਚ ਕੁਲ ਮਿਲਾ ਕੇ 2600 ਦੇ ਕਰੀਬ ਬਾਰ ਹਨ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੀਆਂ ਸੇਧਾਂ ਅਨੁਸਾਰ ਪ੍ਰਾਹੁਣਚਾਰੀ ਦੀਆਂ ਸੇਵਾਵਾਂ ਆਮ ਵਾਂਗ ਖੁੱਲ੍ਹਣਗੀਆਂ। ਸਰਕਾਰੀ ਫੈਸਲੇ ਵਿੱਚ ਕਲੱਬਾਂ ਬਾਰੇ ਸਪੱਸ਼ਟ ਨਹੀਂ ਕੀਤਾ ਗਿਆ। ਨਵੀਆਂ ਹਦਾਇਤਾਂ ਅਨੁਸਾਰ ਹੋਟਲ ਅਤੇ ਰੈਸਟੋਰੈਂਟਾਂ ਦੀ ਸਮਰੱਥਾ ਮੁਤਾਬਕ ਵਿੱਚ 50 ਫੀਸਦੀ ਤੱਕ ਜਾਂ ਵੱਧ ਤੋਂ ਵੱਧ 50 ਮਹਿਮਾਨਾਂ (ਜਿਹੜਾ ਵੀ ਦੋਵਾਂ 'ਚੋਂ ਘੱਟ ਹੋਵੇ) ਦੇ ਬੈਠਣ ਦੀ ਆਗਿਆ ਹੋਵੇਗੀ ਅਤੇ ਪ੍ਰਬੰਧਕਾਂ ਵੱਲੋਂ ਕੋਵਿਡ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਵੇਗੀ। ਸਰਕਾਰ ਨੇ ਬਾਰ ਖੋਲ੍ਹਣ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ, ਪਰ ਇਹ ਕਿਹਾ ਹੈ ਕਿ ਰਾਜ ਦੀ ਐਕਸਾਈਜ਼ ਨੀਤੀ ਤਹਿਤ ਹੋਟਲ ਦੇ ਕਮਰਿਆਂ ਵਿੱਚ ਸ਼ਰਾਬ ਵਰਤਾਈ ਜਾ ਸਕਦੀ ਹੈ। ਬੈਂਕੁਏਟ ਹਾਲਾਂ/ ਮੈਰਿਜ ਪੈਲੇਸਾਂ ਵਿੱਚ ਵੀ ਬਾਰ ਬੰਦ ਰਹਿਣਗੀਆਂ, ਪਰ ਰਾਜ ਦੀ ਐਕਸਾਈਜ਼ ਨੀਤੀ ਮੁਤਾਬਕ ਸਮਾਗਮਾਂ ਵਿੱਚ ਸ਼ਰਾਬ ਵਰਤਾਈ ਜਾ ਸਕਦੀ ਹੈ। ਇਨ੍ਹਾਂ ਸੇਧਾਂ ਅਨੁਸਾਰ ਵਿਆਹ ਸਮਾਗਮ ਤੋਂ ਇਲਾਵਾ ਬੈਂਕੁਏਟ ਹਾਲਾਂ, ਓਪਨ-ਏਅਰ ਪਾਰਟੀਆਂ, ਮੈਰਿਜ ਪੈਲੇਸਾਂ, ਹੋਟਲਾਂ ਤੇ ਖੁੱਲ੍ਹੀਆਂ ਥਾਵਾਂ ਵਿੱਚ ਹੋਣ ਵਾਲੇ ਹੋਰ ਸਮਾਜਿਕ ਕਾਰਜਾਂ ਅਤੇ ਪਾਰਟੀਆਂ ਵਿੱਚ 50 ਤੱਕ ਵਿਅਕਤੀ ਸ਼ਾਮਲ ਹੋ ਸਕਣਗੇ। ਕੈਟਰਿੰਗ ਸਟਾਫ਼ ਤੋਂ ਛੁੱਟ ਮਹਿਮਾਨਾਂ ਦੀ ਗਿਣਤੀ 50 ਵਿਅਕਤੀਆਂ ਤੋਂ ਵੱਧ ਨਹੀਂ ਹੋਵੇਗੀ।

## ਪਾਕਿਸਤਾਨੀ ਮੰਗੇਤਰ ਨੇ ਭਾਰਤ-ਪਾਕਿ ਸਰਕਾਰਾਂ ਨੂੰ ਵਿਆਹ ਲਈ ਸਰਹੱਦ ਖੋਲ੍ਹਣ ਦੀ ਅਪੀਲ ਕੀਤੀ

ਬਟਾਲਾ, 24 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਭਾਰਤ-ਪਾਕਿਸਤਾਨ ਦੇ ਲੋਕਾਂ ਦੇ ਵਿਚਕਾਰ ਹੋਣ ਵਾਲੇ ਵਿਆਹਾਂ 'ਤੇ ਵੀ ਅਸਰ ਪਿਆ ਹੈ। ਪਾਕਿਸਤਾਨ ਦੇ ਦੋ ਹਿੰਦੂ ਪਰਵਾਰਾਂ ਨਾਲ ਸਬੰਧਿਤ ਲੜਕੀਆਂ ਦੇ ਵਿਆਹ, ਜੋ ਭਾਰਤੀ ਪੰਜਾਬ 'ਚ ਹੋਣੇ ਸਨ, ਭਾਰਤ-ਪਾਕਿਸਤਾਨ ਸਰਹੱਦ ਬੰਦ ਹੋਣ ਕਾਰਨ ਰੁਕੇ ਹੋਏ ਹਨ।

ਪਾਕਿਸਤਾਨ ਦੀ ਸਮਾਈਲਾ (35), ਜੋ ਯੂਹਾਨਾਬਾਦ ਲਾਹੌਰ ਦੀ ਰਹਿਣ ਵਾਲੀ ਹੈ, ਨੇ ਫ਼ੋਨ ਉੱਤੇ ਇੱਕ ਪੱਤਰਕਾਰ ਨੂੰ ਦੱਸਿਆ ਕਿ ਉਸਦੀ ਮੰਗਣੀ ਕਮਲ ਕਲਿਆਣ ਪੁੱਤਰ ਓਮ ਪ੍ਰਕਾਸ਼ ਮਧੂਬਨ ਕਾਲੋਨੀ, ਰਾਜ ਨਗਰ ਜਲੰਧਰ ਨਾਲ ਹੋਈ ਹੈ। ਕਮਲ ਦੇ ਪਿਤਾ ਓਮ ਪ੍ਰਕਾਸ਼ ਨੇ ਆਪਣੀ ਨੂੰਹ ਅਤੇ ਉਸ ਦੇ ਪਰਵਾਰ ਲਈ ਭਾਰਤੀ ਵੀਜ਼ੇ ਲਈ ਸਪਾਂਸਰਸ਼ਿਪ ਬਣਾ ਲਈ ਹੈ, ਪਰ ਦੋਵੇਂ ਦੇਸ਼ਾਂ 'ਚ ਕੋਰੋਨਾ ਵਾਇਰਸ ਕਾਰਨ ਆਵਾਜਾਈ ਬੰਦ ਹੋਣ ਕਾਰਨ ਵੀਜ਼ੇ ਦੀ ਕਾਰਵਾਈ ਰੁਕੀ ਪਈ ਹੈ। ਸਮਾਈਲਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਜੈ ਸ਼ੰਕਰ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਉਸ ਦਾ ਵਿਆਹ ਭਾਰਤ 'ਚ ਹੋਣਾ ਹੈ, ਇਸ ਲਈ ਉਸ ਨੂੰ ਪਰਵਾਰ ਸਮੇਤ ਭਾਰਤ ਆਉਣ ਦਾ ਵੀਜ਼ਾ ਦਿੱਤਾ ਜਾਵੇ। ਦੂਜੇ ਪਾਸੇ ਇੱਕ ਹੋਰ ਕੇਸ 'ਚ ਸ੍ਰੀ ਹਰਗੋਬਿੰਦਪੁਰ ਦੇ ਵਸਨੀਕ ਇੱਕ ਨੌਜਵਾਨ ਅਮਿਤ ਦਾ ਰਿਸ਼ਤਾ ਕਰਾਚੀ ਦੀ ਵਸਨੀਕ ਸੁਮਨ ਨਾਲ ਤੈਅ ਹੈ। ਵੀਜ਼ਾ ਲੈ ਕੇ ਉਸ ਨੇ ਆਪਣੇ ਪਰਵਾਰ ਨਾਲ ਪਾਕਿਸਤਾਨ ਜਾਣਾ ਹੈ ਪਰ ਕੋਰੋਨਾ ਵਾਇਰਸ ਦੇ ਕਾਰਨ ਭਾਰਤ-ਪਾਕਿਸਤਾਨ ਦੇ ਲੋਕਾਂ ਵਿਚਕਾਰ ਹੋਣ ਵਾਲੇ ਵਿਆਹ ਰੁਕੇ ਹੋਏ ਹਨ।

## ਬਿਹਾਰ ਪੁਲਸ ਨੇ ਨਵਜੋਤ ਸਿੰਘ ਸਿੱਧੂ ਦੀ ਕੋਠੀ ਅੱਗੇ ਸੰਮਨ ਵਾਲਾ ਪੋਸਟਰ ਲਾਇਆ



ਅੰਮ੍ਰਿਤਸਰ, 24 ਜੂਨ (ਪੋਸਟ ਬਿਊਰੋ)- ਸਾਬਕਾ ਕ੍ਰਿਕਟਰ ਤੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਸਾਬਕਾ ਕਾਂਗਰਸੀ ਮੰਤਰੀ ਵੱਲੋਂ ਬਿਹਾਰ ਪੁਲਸ ਦੇ ਸੰਮਨ ਨਾ ਲੈਣ ਉੱਤੇ ਕੱਲ੍ਹ ਉਨ੍ਹਾਂ ਨੇ ਸਿੱਧੂ ਦੀ ਕੋਠੀ ਦੇ ਗੇਟ ਬਾਹਰ ਕੰਧ 'ਤੇ ਇਸ਼ਤਿਹਾਰ ਚਿਪਕਾ ਦਿੱਤਾ ਕਿ ਉਹ ਪਿਛਲੇ ਛੇ ਦਿਨ ਤੋਂ ਉਨ੍ਹਾਂ ਦੇ ਘਰ ਦੇ ਬਾਹਰ ਕਹਿਰ ਦੀ ਗਰਮੀ ਵਿੱਚ ਬੈਠੇ ਹਨ। ਉਨ੍ਹਾਂ ਨੂੰ ਮਿਲੇ ਸੰਮਨ, ਜੋ ਨਵਜੋਤ ਸਿੰਘ ਸਿੱਧੂ ਨੂੰ ਦੇਣ ਆਏ ਸੀ, ਸਿੱਧੂ ਤੇ ਉਨ੍ਹਾਂ ਦੇ ਦਫਤਰੀ ਅਮਲੇ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਮਸਲੇ 'ਚ ਸਿੱਧੂ ਦਾ ਵਕੀਲ ਵੀ ਕੋਈ ਨਹੀਂ ਆਇਆ ਕਿਉਂਕਿ ਇਹ ਇੱਕ ਕਾਨੂੰਨੀ ਮਾਮਲਾ ਹੈ।

ਨਵਜੋਤ ਸਿੰਘ ਸਿੱਧੂ ਤਿੰਨ ਵਾਰ ਲੋਕ ਸਭਾ ਮੈਂਬਰ ਅਤੇ ਇੱਕ ਵਾਰ ਰਾਜ ਸਭਾ ਮੈਂਬਰ ਬਣ ਚੁੱਕੇ ਹਨ ਤੇ ਉਹ ਸਿਆਸਤ, ਸਮਾਜਕ, ਧਾਰਮਕ, ਆਰਥਕ ਤੇ ਕਾਨੂੰਨੀ ਨੁਕਤਿਆਂ ਤੋਂ ਜਾਣੂ ਹਨ। ਉਹ ਇਮਾਨਦਾਰ ਨੇਤਾ ਹਨ, ਪਰ ਇਹ ਸੰਮਨ ਪ੍ਰਾਪਤ ਨਾ ਕਰਨੇ ਬੁਝਾਰਤ ਬਣਿਆ ਹੈ। ਸਿੱਧੂ ਅਤੇ ਉਨ੍ਹਾਂ ਦੇ ਸਟਾਫ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਰ ਕੇ ਬਿਹਾਰ ਦੀ ਪੁਲਸ ਟੀਮ ਦੇ ਵੱਡੇ ਅਧਿਕਾਰੀ ਕੱਲ੍ਹ ਸਿੱਧੂ ਦੀ ਕੋਠੀ ਬਾਹਰ ਅਦਾਲਤੀ ਪੋਸਟਰ ਲਾ ਕੇ ਬਿਹਾਰ ਨੂੰ ਪਰਤ ਗਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਆਪਣੀ ਡਿਊਟੀ ਨਿਭਾ ਕੇ ਜਾ ਰਹੇ ਹਨ ਤੇ ਇਸ ਸੰਬੰਧੀ ਰਿਪੋਰਟ ਉਚ ਅਧਿਕਾਰੀਆਂ ਅਤੇ ਅਦਾਲਤ ਨੂੰ ਦੇ ਦਿੱਤੀ ਜਾਵੇਗੀ ਤਾਂ ਜੋ ਉਹ ਅਗਲੀ ਕਾਨੂੰਨੀ ਕਾਰਵਾਈ ਕਰ ਸਕਣ।

## ਪੀ ਜੀ ਆਈ ਦੇ ਕੰਮ ਵਿੱਚ ਕੋਈ ਵੀ ਰੁਕਾਵਟ ਪਾਵੇ ਤਾਂ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿਓ: ਹਾਈ ਕੋਰਟ

ਚੰਡੀਗੜ੍ਹ, 24 ਜੂਨ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਪੀ ਜੀ ਆਈ ਐਮ ਈ ਆਰ) ਚੰਡੀਗੜ੍ਹ ਵੱਲੋਂ ਦਾਖ਼ਲ ਮਾਣਹਾਨੀ ਕੇਸ ਦੀ ਸੁਣਵਾਈ ਕਰਦੇ ਹੋਏ ਕਰਮਚਾਰੀ ਯੂਨੀਅਨ ਵੱਲੋਂ ਕੀਤੀ ਬੇਮਿਆਦੀ ਭੁੱਖ ਹੜਤਾਲ ਤੇ ਹਰ ਕਿਸਮ ਦੇ ਪ੍ਰਦਰਸ਼ਨ 'ਤੇ ਰੋਕ ਲਾ ਦਿੱਤੀ ਹੈ।

ਇਸ ਮੌਕੇ ਕੋਰਟ ਨੇ ਸਖ਼ਤ ਲਹਿਜੇ ਵਿੱਚ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਅਤੇ ਪੁਲਸ ਮੁਖੀ ਨੂੰ ਆਦੇਸ਼ ਦਿੱਤੇ ਹਨ ਕਿ ਜੇ ਕੋਈ ਵੀ ਕਰਮਚਾਰੀ ਪੀ ਜੀ ਆਈ ਦੇ ਕੰਮ ਵਿੱਚ ਰੁਕਵਾਟ ਪਾਉਂਦਾ ਜਾ ਧਰਨਾ ਪ੍ਰਦਰਸ਼ਨ ਕਰਦਾ ਹੈ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿਓ। ਹਾਈ ਕੋਰਟ ਵਿੱਚ ਇਸ ਦੀ ਅਗਲੀ ਸੁਣਵਾਈ 13 ਜੁਲਾਈ ਨੂੰ ਹੋਵੇਗੀ।

ਇਸ ਤੋਂ ਪਹਿਲਾਂ ਹਾਈ ਕੋਰਟ ਨੇ ਦੋ ਵਾਰ ਇਸ ਸੰਸਥਾ ਵਿੱਚ ਹੜਤਾਲ ਜਾ ਹੋਰ ਪ੍ਰਦਰਸ਼ਨਾਂ 'ਤੇ ਰੋਕ ਲਗਾਈ ਹੈ, ਇਸ ਦੇ ਬਾਵਜੂਦ ਪੀ ਜੀ ਆਈ ਮਿਨਿਸਟੀਅਲ ਅਤੇ ਸੈਕ੍ਰੇਟਰੀਏਟ ਕਰਮਚਾਰੀ ਯੂਨੀਅਨਾਂ ਦੇ ਸੱਦੇ ਉੱਤੇ ਯੂਨੀਅਨ ਦੇ ਜਨਰਲ ਸੈਕਟਰੀ ਅਤੇ ਪੀ ਜੀ ਆਈ ਕਰਮਚਾਰੀ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਤਰਨਦੀਪ ਸਿੰਘ ਗ੍ਰੇਵਾਲ ਇਸ ਸੋਮਵਾਰ ਤੋਂ ਮੁਲਾਜ਼ਮਾਂ ਦੀਆਂ ਮੰਗਾਂ ਬਾਰੇ ਬੇਮਿਆਦੀ ਭੁੱਖ ਹੜਤਾਲ ਉੱਤੇ ਬੈਠ ਗਏ ਸਨ। ਪੀ ਜੀ ਆਈ ਵੱਲੋਂ ਹਾਈ ਕੋਰਟ ਵਿੱਚ ਸਾਬਕਾ ਵਿੱਚ ਦਿੱਤੇ ਗਏ ਆਦੇਸ਼ਾਂ ਦਾ ਹਵਾਲਾ ਦੇ ਕੇ ਅਰਜ਼ੀ ਦਿੱਤੀ ਸੀ, ਜਿਸ ਉੱਤੇ ਕੋਰਟ ਨੇ ਗੰਭੀਰਤਾ ਦਿਖਾਉਂਦੇ ਹੋਏ ਇਹ ਸਖ਼ਤ ਆਦੇਸ਼ ਜਾਰੀ ਕੀਤੇ ਹਨ।

## ਜੰਗ-ਏ-ਆਜ਼ਾਦੀ ਯਾਦਗਾਰ ਦੇ ਅਹੁਦਿਆਂ ਤੋਂ ਡਾਕਟਰ ਹਮਦਰਦ ਦਾ ਅਸਤੀਫ਼ਾ

ਜਲੰਧਰ, 24 ਜੂਨ (ਪੋਸਟ ਬਿਊਰੋ)- ਪੰਜਾਬ ਜੰਗ-ਏ-ਆਜ਼ਾਦੀ ਫਾਊਂਡੇਸ਼ਨ ਦੇ ਮੈਂਬਰ ਸਕੱਤਰ ਅਤੇ ਇਸ ਯਾਦਗਾਰ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕੱਲ੍ਹ ਜੰਗ-ਏ-ਆਜ਼ਾਦੀ ਯਾਦਗਾਰ ਕਰਤਾਰਪੁਰ ਨਾਲ ਸਬੰਧਿਤ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਡਾ: ਹਮਦਰਦ ਨੇ ਪੰਜਾਬ ਸਰਕਾਰ ਨੂੰ ਭੇਜੇ ਆਪਣੇ ਅਸਤੀਫ਼ੇ ਵਿੱਚ ਲਿਖਿਆ ਹੈ ਕਿ ਮੌਜੂਦਾ ਹਾਲਾਤ ਵਿੱਚ ਉਹ ਇਨ੍ਹਾਂ ਅਹੁਦਿਆਂ ਉੱਤੇ ਕੰਮ ਕਰਦੇ ਰਹਿਣ ਤੋਂ ਅਸਮਰੱਥ ਹਨ।

ਵਰਨਣਯੋਗ ਹੈ ਕਿ ਡਾ. ਬਰਜਿੰਦਰ ਸਿੰਘ ਹਮਦਰਦ ਦਾ ਇਸ ਯਾਦਗਾਰ ਦੇ ਸੰਕਲਪ, ਰੂਪ-ਰੇਖਾ ਅਤੇ ਉਸਾਰੀ ਵਿੱਚ ਪ੍ਰਮੁੱਖ ਯੋਗਦਾਨ ਰਿਹਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਇਹ ਯਾਦਗਾਰ ਵਿਉਂਤੀ ਤੇ ਉਸਾਰੀ ਗਈ ਸੀ ਤੇ ਮੁੱਖ ਮੰਤਰੀ ਬਾਦਲ ਨੇ ਪਹਿਲ ਦੇ ਆਧਾਰ 'ਤੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅਗਵਾਈ ਦਿੱਤੀ ਸੀ। ਇਹ ਯਾਦਗਾਰ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀ ਦੇਸ਼ ਭਗਤਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਗਾਥਾ ਬਿਆਨ ਕਰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਪਿੱਛੋਂ ਭਾਈ ਮਹਾਰਾਜ ਸਿੰਘ ਦੀ ਅਗਵਾਈ ਹੇਠ ਆਰੰਭੀ ਗਈ ਆਜ਼ਾਦੀ ਦੀ ਲੜਾਈ ਤੋਂ 1947 ਦੀ ਆਜ਼ਾਦੀ ਪ੍ਰਾਪਤੀ ਤੱਕ ਦੇ ਸੌ ਸਾਲ ਦੇ ਇਤਿਹਾਸ ਵਾਲੀ ਇਹ ਯਾਦਗਾਰ ਪੰਜਾਬ ਦੀ ਵਿਰਾਸਤ ਹੈ। ਅਤਿ ਆਧੁਨਿਕ ਤਕਨੀਕ ਨਾਲ ਉਸਾਰੀਆਂ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਬਾਰੇ ਛੇ ਗੈਲਰੀਆਂ, ਹੌਲੋਗਰਾਮ ਤਕਨੀਕ ਨਾਲ ਦਰਸ਼ਕਾਂ ਸਾਹਮਣੇ ਸਾਕਾਰ ਹੁੰਦੇ ਜਲ੍ਹਿਆਂਵਾਲਾ ਬਾਗ਼ ਅਤੇ ਸੈਲੂਲਰ ਜੇਲ੍ਹ ਇਸ ਯਾਦਗਾਰ ਦੇ ਪ੍ਰਮੁੱਖ ਹਿੱਸੇ ਹਨ। ਇਸ ਦੇ ਨਾਲ ਉਘੇ ਫ਼ਿਲਮ ਨਿਰਦੇਸ਼ਕ ਸ਼ਿਆਮ ਬੈਨੇਗਲ ਦੀ ਬਣਾਈ 90 ਮਿੰਟ ਦੀ ਫੀਚਰ ਫ਼ਿਲਮ ਆਜ਼ਾਦੀ ਦੀਆਂ ਵੱਖ-ਵੱਖ ਲਹਿਰਾਂ ਵਿੱਚ ਪੰਜਾਬੀਆਂ ਦੇ ਯੋਗਦਾਨ ਨੂੰ ਵੱਡੇ ਪਰਦੇ ਉਤੇ ਪੇਸ਼ ਕਰਦੀ ਹੈ। ਇਸ ਯਾਦਗਾਰ ਦੇ ਤਿੰਨ ਪੜਾਅ ਮੁਕੰਮਲ ਹੋ ਚੁੱਕੇ ਹਨ। ਪਹਿਲੇ ਪੜਾਅ ਦਾ ਉਦਘਾਟਨ 6 ਨਵੰਬਰ 2016 ਨੂੰ ਸਾਬਕਾ ਪ੍ਰਕਾਸ਼ ਸਿੰਘ ਬਾਦਲ ਨੇ ਅਤੇ ਅਗਲੇ ਦੋ ਪੜਾਵਾਂ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕ੍ਰਮਵਾਰ 18 ਮਾਰਚ 2018 ਅਤੇ 14 ਅਗਸਤ 2019 ਨੂੰ ਕੀਤਾ ਸੀ।

ਇਸ ਯਾਦਗਾਰ ਦੀ ਉਸਾਰੀ ਵਾਸਤੇ ਡਾ. ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬ ਦੇ ਉਘੇ ਇਤਿਹਾਸਕਾਰਾਂ ਤੋਂ ਸੰਕਲਪ ਦਸਤਾਵੇਜ਼ ਬਣਵਾਇਆ ਸੀ ਅਤੇ ਦੇਸ਼ ਦੇ ਉਘੇ ਆਰਕੀਟੈਕਟ ਰਾਜ ਰਵਾਲ ਤੋਂ ਇਸ ਇਮਾਰਤ ਦਾ ਡਿਜ਼ਾਈਨ ਤਿਆਰ ਕਰਵਾਇਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੇਸ਼ ਭਰ ਦੀਆਂ ਏਦਾਂ ਦੀਆਂ ਯਾਦਗਾਰਾਂ ਆਪਣੇ ਸਾਥੀਆਂ ਸਮੇਤ ਖ਼ੁਦ ਦੇਖੀਆਂ ਸਨ। ਆਪਣੇ ਪੱਤਰਕਾਰੀ ਦੇ ਰੁਝੇਵਿਆਂ ਵਿੱਚੋਂ ਸਾਲਾਂ ਦਾ ਚੋਖਾ ਸਮਾਂ ਕੱਢ ਕੇ ਇਸਦਾ ਹਰ ਪਹਿਲੂ ਮੁਕੰਮਲ ਕਰਵਾਇਆ ਸੀ।



# ਪਾਕਿ ਵਿੱਚ ਇੱਕ ਹੋਰ ਹਿੰਦੂ ਕੁੜੀ ਦਾ ਧਰਮ ਬਦਲਣ ਦੇ ਬਾਅਦ ਨਿਕਾਹ ਕੀਤਾ ਗਿਆ

ਸਿੰਧ, 24 ਜੂਨ (ਪੋਸਟ ਬਿਊਰੋ)- ਪਾਕਿਸਤਾਨ 'ਚ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਇੱਕ ਨਾਬਾਲਗ ਹਿੰਦੂ ਕੁੜੀ ਨੂੰ ਅਗਵਾ ਕਰ ਕੇ ਉਸ ਦਾ ਜਬਰੀ ਧਰਮ ਤਬਦੀਲ ਕਰ ਦਿੱਤਾ ਤੇ ਫਿਰ ਇਸ ਨਾਲ ਨਿਕਾਹ ਕਰ ਲਿਆ ਹੈ। ਪੁਲਸ ਤੇ ਲੋਕ ਪ੍ਰਤੀਨਿਧਾਂ ਦੀ ਚੁੱਪ ਕਾਰਨ ਅਪਰਾਧੀਆਂ ਦੇ ਹੌਸਲੇ ਬੁਲੰਦ ਹਨ ਤੇ ਉਨ੍ਹਾਂ ਨੇ ਕੁੜੀ 'ਤੇ ਦਬਾਅ ਪਾ ਕੇ ਆਪਣੇ ਪੱਖ ਵਿੱਚ ਐਫੀਡੇਵਿਟ ਵੀ ਦਾਖਲ ਕਰਵਾ ਲਿਆ ਹੈ।



ਸੂਬਾ ਸਿੰਧ ਦੇ ਜੈਕੋਬਾਬਾਦ ਦੀ ਵਾਸੀ ਰੇਸ਼ਮਾ ਨੂੰ ਅਗਵਾ ਕਰ ਕੇ ਜਬਰੀ ਧਰਮ ਤਬਦੀਲ ਕੀਤਾ ਗਿਆ ਅਤੇ 18 ਜੂਨ ਨੂੰ ਅਗਵਾ ਕਰ ਕੇ ਵਜ਼ੀਰ ਹੁਸੈਨ ਨਾਲ ਨਿਕਾਹ ਕਰਵਾ ਦਿੱਤਾ ਗਿਆ ਹੈ। ਇਸ ਬਾਰੇ ਦੋਸ਼ ਹੈ ਕਿ ਕੁੜੀ 'ਤੇ ਦਬਾਅ ਬਣਾ ਕੇ ਅਧਿਕਾਰੀਆਂ ਸਾਹਮਣੇ ਇੱਕ ਐਫੀਡੇਵਿਟ ਪੇਸ਼ ਕਰਵਾਇਆ ਗਿਆ ਹੈ। ਇਸ ਵਿੱਚ ਕੁੜੀ ਨੇ ਕਿਹਾ ਹੈ ਕਿ ਉਹ 19 ਸਾਲ ਦੀ ਹੈ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ। ਐਫੀਡੇਵਿਟ ਮੁਤਾਬਕ ਰੇਸ਼ਮਾ ਦਾ ਨਵਾਂ ਮੁਸਲਿਮ ਨਾਂਅ ਬਸ਼ੀਰਨ ਕਰ ਦਿਤਾ ਗਿਆ ਹੈ। ਪਾਕਿਸਤਾਨ ਵਿੱਚ ਘੱਟ ਗਿਣਤੀਆਂ 'ਤੇ ਅਤਿਆਚਾਰ ਦੀਆਂ ਘਟਨਾਵਾਂ ਆਮ ਹਨ। ਹਿੰਦੂ, ਸਿੱਖ ਤੇ ਇਸਾਈ ਸਮਾਜ ਦੀਆਂ ਨਾਬਾਲਗ ਕੁੜੀਆਂ ਨੂੰ ਅਗਵਾ ਕਰ ਕੇ ਜਬਰਦਸਤੀ ਉਨ੍ਹਾਂ ਦਾ ਧਰਮ ਤਬਦੀਲ ਕਰ ਕੇ ਉਨ੍ਹਾਂ ਨਾਲ ਨਿਕਾਹ ਦੀਆਂ ਘਟਨਾਵਾਂ ਆਮ ਹੁੰਦੀਆਂ ਹਨ। ਪੁਲਸ ਤੇ ਇਥੋਂ ਤੱਕ ਕਿ ਲੋਕ ਨੁਮਾਇੰਦੇ ਵੀ ਅਜਿਹੀਆਂ ਘਟਨਾਵਾਂ 'ਤੇ ਚੁੱਪ ਰਹਿੰਦੇ ਹਨ। ਇਹ ਘਟਨਾਵਾਂ ਪਾਕਿਸਤਾਨ ਦੀ ਇਮਰਾਨ ਸਰਕਾਰ ਵੱਲੋਂ ਘੱਟਗਿਣਤੀਆਂ ਦੀ ਸੁਰੱਖਿਆ ਸੰਬੰਧੀ ਕੀਤੇ ਜਾਣ ਵਾਲੇ ਦਾਅਵਿਆਂ ਦੀ ਵੀ ਪੋਲ ਖੋਲ੍ਹਦੀਆਂ ਹਨ।

ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਮੁਤਾਬਕ ਉਥੇ ਘੱਟਗਿਣਤੀਆਂ ਦੀਆਂ ਹਰ ਸਾਲ ਘੱਟੋ ਘੱਟ 1000 ਨਾਬਾਲਗ ਕੁੜੀਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਂਦਾ ਹੈ। ਸਾਲ 2016 ਵਿੱਚ ਬਿੱਲ ਰੱਦ ਕਰਦਿਆਂ ਸਿੰਧ ਦੇ ਸਥਾਨਕ ਗਵਰਨਰ ਸਈਦੁੱਜ਼ਮਾ ਸਿੱਦੀਕੀ ਨੇ ਕਿਹਾ ਸੀ ਕਿ ਜੇ ਹਜ਼ਰਤ ਅਲੀ ਨੌਂ ਸਾਲ ਦੀ ਉਮਰ 'ਚ ਇਸਲਾਮ ਕਬੂਲ ਕਰ ਸਕਦੇ ਹਨ ਤਾਂ ਹਿੰਦੂ ਕੁੜੀਆਂ ਕਿਉਂ ਨਹੀਂ।

# ਬ੍ਰਿਟੇਨ ਵਿੱਚ ਲਾਕਡਾਊਨ ਖਤਮ ਕਰਨ ਦੀ ਤਿਆਰੀ ਸ਼ੁਰੂ



ਲੰਡਨ, 24 ਜੂਨ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੋਰੋਨਾ ਵਿੱਚ ਕਮੀ ਆਉਣ ਉਤੇ ਲਾਕਡਾਊਨ ਨੂੰ ਖਤਮ ਕਰਨ ਦੀ ਤਿਆਰੀ ਸ਼ੁਰੂ ਹੋ ਗਈ ਹੈ। ਪ੍ਰਧਾਨ ਮੰਤਰੀ ਬੋਰਿਸ ਜਾਨਸਨ ਚਾਰ ਜੁਲਾਈ ਤੋਂ ਪਾਬੰਦੀਆਂ ਵਿੱਚ ਢਿੱਲ ਦੇਣ ਦੀ ਤਿਆਰੀ ਵਿੱਚ ਹਨ। ਢਿੱਲ ਦੇ ਤਹਿਤ ਨਿਯਮਾਂ ਦੇ ਪਾਲਣ ਦੇ ਨਾਲ ਸਿਨੇਮਾ, ਮਿਊਜ਼ੀਅਮ, ਬਾਰ, ਪਬ ਅਤੇ ਰੈਸਟੋਰੈਂਟਾਂ ਨੂੰ ਫਿਰ ਤੋਂ ਖੋਲ੍ਹਣ ਦੀ ਇਜਾਜ਼ਤ ਹੋਵੇਗੀ। ਯੂਰਪ ਵਿੱਚ ਬ੍ਰਿਟੇਨ ਕੋਰੋਨਾ ਵਿੱਚ ਸਭ ਤੋਂ ਵੱਧ ਪ੍ਰਭਾਵਤ ਰਿਹਾ ਹੈ।

ਇਸ ਦੇਸ਼ ਵਿੱਚ ਕੁੱਲ ਤਿੰਨ ਲੱਖ ਪੰਜ ਹਜ਼ਾਰ ਤੋਂ ਵੱਧ ਲੋਕ ਇਨਫੈਕਟਿਡ ਪਾਏ ਗਏ ਹਨ ਅਤੇ 42 ਹਜ਼ਾਰ 600 ਤੋਂ ਵੱਧ ਲੋਕਾਂ ਦੀ ਜਾਨ ਗਈ ਹੈ। ਬ੍ਰਿਟੇਨ ਵਿੱਚ ਬੀਤੀ 23 ਮਾਰਚ ਤੋਂ ਕੋਰੋਨਾ ਮਹਾਮਾਰੀ ਦੀ ਰੋਕਥਾਮ ਲਈ ਲਾਕਡਾਊਨ ਲਾਗੂ ਹੈ। ਪਾਬੰਦੀਆਂ ਤੋਂ ਮਿਲਣ ਵਾਲੀ ਰਾਹਤ ਵਿੱਚ ਇਨ੍ਹਾਂ ਥਾਵਾਂ 'ਤੇ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਕੰਮ-ਕਾਜ ਕਰਨਾ ਹੋਵੇਗਾ। ਥੀਏਟਰ ਸਮੇਤ ਦੂਸਰੇ ਕਾਰੋਬਾਰਾਂ ਨੂੰ ਚਾਰ ਜੁਲਾਈ ਤੋਂ ਖੋਲ੍ਹਣ ਦੇ ਫੈਸਲੇ 'ਤੇ ਅਜੇ ਮੰਤਰੀ ਮੰਡਲ ਦੀ ਮੋਹਰ ਨਹੀਂ ਲੱਗੀ, ਪਰ ਲੱਗਣ ਵਾਲੀ ਦੱਸੀ ਗਈ ਹੈ।

# ਕੋਰੋਨਾ ਨਾਲ ਲੜਨ ਦੇ ਲਈ ਡਾਟਾ ਸਭ ਤੋਂ ਚੰਗਾ ਜੰਤਰ

ਲੰਡਨ, 24 ਜੂਨ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਨਾਲ ਲੜਨ ਲਈ ਡਾਟਾ ਸਭ ਤੋਂ ਚੰਗਾ ਜੰਤਰ ਹੈ। ਲੰਡਨ ਵਿੱਚ ਵਗਦੀ ਲੀ ਨਦੀ ਕਦੀ ਬਹੁਤ ਸਾਫ ਹੋਇਆ ਕਰਦੀ ਸੀ। 1700 ਦੇ ਸ਼ੁਰੂ ਵਿੱਚ ਇਹ ਨਦੀ ਨਹਿਰਾਂ ਦੇ ਇੱਕ ਨੈਟਵਰਕ ਨਾਲ ਜੁੜ ਗਈ ਅਤੇ ਇਸ ਦੇ ਕਿਨਾਰੇ ਕਈ ਉਦਯੋਗ ਲੱਗ ਗਏ। ਉਪਯੋਗਾਂ ਦਾ ਸਾਰਾ ਕਚਰਾ ਅਤੇ ਗੰਦਗੀ ਨਦੀ ਵਿੱਚ ਪਾਇਆ ਜਾਣ ਲੱਗਾ ਅਤੇ ਇਹ ਅਗਲੀ ਸਦੀ ਤੱਕ ਬ੍ਰਿਟੇਨ ਦੀ ਸਭ ਤੋਂ ਪ੍ਰਦੂਸ਼ਿਤ ਨਦੀ ਬਣ ਗਈ।



ਜੂਨ 1866 ਵਿੱਚ ਹੇਡਸ ਨਾਮਕ ਇੱਕ ਮਜ਼ਦੂਰ ਬ੍ਰੋਮਲੀ-ਬਾਏ-ਬੋ ਵਿੱਚ ਲੀ ਨਦੀ ਦੇ ਕੰਢੇ ਆਪਣੀ ਪਤਨੀ ਨਾਲ ਰਹਿੰਦਾ ਸੀ। ਉਸੇ ਸਾਲ 27 ਜੂਨ ਨੂੰ ਦੋਵਾਂ ਦੀ ਹੈਜਾ ਨਾਲ ਮੌਤ ਹੋ ਗਈ। ਹੈਜਾ ਦਾ ਆਗਮਨ ਲੰਡਨ ਵਿੱਚ 1832 ਵਿੱਚ ਹੀ ਹੋ ਗਿਆ ਸੀ, ਪਰ ਬੀਤੇ ਸਾਲਾਂ ਵਿੱਚ ਜਦੋਂ ਇਹ ਬਿਮਾਰੀ ਘਟ ਰਹੀ ਸੀ ਤਾਂ ਹੈਜਾ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਇਸ ਦੇ ਬਾਅਦ ਹੇਡ੍ਸ ਜੋੜੇ ਦੀ ਮੌਤ ਨੇ ਫਿਰ ਬਹੁਤ ਵੱਡੇ ਕਹਿਰ ਦੀ ਸ਼ੁਰੂਆਤ ਦਾ ਸੰਕੇਤ ਦੇ ਦਿੱਤਾ।

ਕੁਝ ਹਫ਼ਤਿਆਂ ਵਿੱਚ ਲੀ ਨਦੀ ਦੇ ਆਸਪਾਸ ਦੇ ਕੰਮਕਾਜੀ ਲੋਕ ਹੈਜਾ ਦੀ ਚਪੇਟ ਵਿੱਚ ਆ ਗਏ। ਅਖ਼ਬਾਰਾਂ ਨੇ ਇਸੇ ਕੋਰੋਨਾ ਵਾਂਗ ਸਾਰਸ-ਕੋਵ-2 ਵਾਇਰਸ ਦੱਸਿਆ ਸੀ। 14 ਜੁਲਾਈ ਤੱਕ ਹੈਜੇ ਤੋਂ 20 ਮੌਤਾਂ ਹੋਈਆਂ ਤੇ ਅਗਲੇ ਹਫ਼ਤੇ ਵਿੱਚ ਗਿਣਤੀ 308 ਹੋ ਗਈ। ਅਗਸਤ ਤੱਕ ਹਫਤਾ ਵਾਰ ਮੌਤ ਦਰ ਲਗੱਭਗ 1000 ਤੱਕ ਪਹੁੰਚ ਗਈ ਸੀ।


# ਨਾਸਾ ਨੇ 23 ਮਿਲੀਅਨ ਡਾਲਰ ਦਾ ਟਾਇਲੇਟ ਡਿਜ਼ਾਈਨ ਕੀਤਾ

ਵਾਸ਼ਿੰਗਟਨ, 24 ਜੂਨ (ਪੋਸਟ ਬਿਊਰੋ)- ਪੁਲਾੜ ਦੇ ਕਈ ਚੱਕਰ ਕੱਟਣ ਦਾ ਰਿਕਾਰਡ ਬਣਾ ਚੁੱਕੀ ਅਮਰੀਕੀ ਸਪੇਸ ਏਜੰਸੀ (ਨਾਸਾ) ਅੱਗੋਂ ਮਹਿਲਾ ਐਸਟ੍ਰੋਨਾਟਸ ਦੀ ਇੱਕ ਅਹਿਮ ਲੋੜ ਲਈ ਤਿਆਰ ਹੈ। ਔਰਤਾਂ ਲਈ ਯੂਨੀਵਰਸਲ ਵੇਸਟ ਮੈਨੇਜਮੈਂਟ ਸਿਸਟਮ ਨਾਂ ਦਾ ਟਾਇਲੇਟ ਡਿਜ਼ਾਈਨ ਬਣਾਇਆ ਹੈ, ਜਿਸ ਨਾਲ ਸਪੇਸ 'ਚ ਆਸਾਨੀ ਹੋ ਸਕੇ।



23 ਮਿਲੀਅਨ ਡਾਲਰ ਦੇ ਬਜਟ ਦੇ ਇਸ ਟਾਇਲੇਟ ਨੂੰ ਬਣਾਉਣ 'ਚ ਛੇ ਸਾਲ ਲੱਗੇ ਹਨ ਅਤੇ ਇਸ ਨੂੰ ਸਤੰਬਰ ਤੱਕ ਇੰਟਰਨੈਸ਼ਨਲ ਸਪੇਸ ਸਟੇਸ਼ਨ ਭੇਜਣ ਦੀ ਤਿਆਰੀ ਹੈ। ਹਾਲੇ ਤੱਕ ਔਰਤਾਂ ਦੇ ਸਪੇਸ 'ਚ ਜਾਣ 'ਚ ਇਹ ਇੱਕ ਵੱਡੀ ਚੁਣੌਤੀ ਹੋਇਆ ਕਰਦੀ ਸੀ ਕਿ ਉਥੇ ਉਨ੍ਹਾਂ ਦੇ ਮੁਤਾਬਕ ਟਾਇਲੇਟ ਨਹੀਂ ਹੁੰਦੇ ਪਰ ਮਹਿਲਾ ਐਸਟ੍ਰੋਨਾਟਸ ਦੀ ਗਿਣਤੀ ਵਧਣ ਦੇ ਨਾਲ ਇਹ ਅਹਿਮ ਲੋੜ ਪੂਰੀ ਹੋਣ ਵਾਲੀ ਹੈ। ਹਾਲੇ ਤੱਕ ਸਪੇਸ 'ਚ ਵਰਤੇ ਜਾ ਰਹੇ ਮਾਈਕ੍ਰੋਗ੍ਰੈਵਿਟੀ ਟਾਇਲੇਟ ਮਰਦ ਐਸਟ੍ਰੋਨਾਟਸ ਨੂੰ ਧਿਆਨ 'ਚ ਰੱਖ ਕੇ ਬਣਾਏ ਜਾਂਦੇ ਹਨ, ਪਰ ਜਿਵੇਂ-ਜਿਵੇਂ ਮਹਿਲਾ ਐਸਟ੍ਰੋਨਾਟਸ ਦੀ ਗਿਣਤੀ ਵੱਧਦੀ ਗਈ, ਖਾਸ ਟਾਇਲੇਟ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ। ਖਾਸ ਕਰ ਕੇ ਉਦੋਂ ਜਦੋਂ 2024 ਤੱਕ ਚੰਨ ਉਤੇ ਇੱਕ ਮਹਿਲਾ ਅਤੇ ਇੱਕ ਮਰਦ ਨੂੰ ਭੇਜਣ ਦੀ ਤਿਆਰੀ ਹੈ। ਆਈ ਐਸ ਐਸ ਉੱਤੇ ਇਸਦਾ ਟੈਸਟ ਆਰਟੀਮਿਸ ਲਈ ਅਹਿਮ ਹੋਵਗਾ। ਇਸ ਟਾਇਲੇਟ ਵਿੱਚ ਔਰਤਾਂ ਲਈ ਫਨਲ-ਸੈਕਸ਼ਨ ਸਿਸਟਮ ਹੋਵੇਗਾ ਅਤੇ ਐਸਟ੍ਰਾਨਾਟਸ ਖੁਦ ਨੂੰ ਬਿਹਤਰ ਤਰੀਕੇ ਨਾਲ ਫਿੱਟ ਕਰ ਸਕਣਗੀਆਂ, ਇਸ ਲਈ ਸਪੈਸ਼ਲ ਡਿਜ਼ਾਈਨ ਬਣਾਈ ਗਈ ਹੈ।






# ਫਿਲਮੀ ਦੁਨੀਆ

## ਦਰੋਪਦੀ ਤੇ ਸੀਤਾ ਦਾ ਕਿਰਦਾਰ ਨਿਭਾਉਣਾ ਚਾਹੁੰਦੀ ਹਾਂ : ਸ਼ੋਭਿਤਾ



'ਸ਼ੇਫ','ਦ ਬਾਡੀ', 'ਘੋਸਟ ਸਟੋਰੀਜ਼' ਵਰਗੀਆਂ ਫਿਲਮਾਂ ਕਰ ਚੁੱਕੀ ਅਭਿਨੇਤਰੀ ਸ਼ੋਭਿਤਾ ਧੂਲੀਪਾਲਾ ਅੱਗੇ ਤੋਂ ਇਤਿਹਾਸਕ ਪੌਰਾਣਿਕ ਤੇ ਸਾਹਿਤ ਨਾਲ ਜੁੜੇ ਕਿਰਦਾਰ ਨਿਭਾਉਣਾ ਚਾਹੁੰਦੀ ਹੈ। ਸ਼ੋਭਿਤਾ ਕਹਿੰਦੀ ਹੈ ਕਿ ਮੈਨੂੰ ਇਤਿਹਾਸ ਅਤੇ ਪੁਰਾਣਿਕ ਗ੍ਰੰਥਾਂ ਵਿੱਚ ਹਮੇਸ਼ਾ ਦਿਲਚਸਪੀ ਰਹੀ ਹੈ। ਏਸੇ ਲਈ ਕਲਾਸੀਕਲ ਨ੍ਰਿਤ ਕੁਚੀਪੁੜੀ ਅਤੇ ਭਰਤਨਾਟਅਮ ਸਿਖਿਆ ਹੈ। ਅੱਗੋਂ ਮੈਂ ਸੀਤਾ ਅਤੇ ਦਰੋਪਦੀ ਦਾ ਕਿਰਦਾਰ ਨਿਭਾਉਣਾ ਚਾਹੁੰਦੀ ਹਾਂ। ਆਪਣੇ ਫਿਲਮੀ ਸਫਰ ਨੂੰ ਲੈ ਕੇ ਉਹ ਦੱਸਦੀ ਹੈ, ''ਚਾਰ ਸਾਲ ਪਹਿਲਾਂ ਤੱਕ ਮੈਂ ਫਿਲਮਾਂ ਤੋਂ ਬਿਲਕੁਲ ਅਣਜਾਣ ਸੀ। ਹਿੰਦੀ ਨਹੀਂ ਬੋਲ ਸਕਦੀ ਸੀ। ਮੇਰੇ ਮਾਤਾ-ਪਿਤਾ ਵੀ ਫਿਲਮਾਂ ਨਹੀਂ ਦੇਖਦੇ ਸਨ, ਪਰ ਅੱਜਕੱਲ੍ਹ ਮੈਨੂੰ ਫਿਲਮਾਂ ਨਾਲ ਪਿਆਰ ਹੈ।'' ਅੱਜ ਤੱਕ ਆਪਣੇ ਲਈ ਵੱਖਰੇ ਕਿਰਦਾਰ ਚੁਣਦੀ ਆਈ ਸ਼ੋਭਿਤਾ ਕਹਿੰਦੀ ਹੈ ਕਿ ਬਾਕਸ ਆਫਿਸ ਦਾ ਦਬਾਅ ਮੈਂ ਨਹੀਂ ਲੈਂਦੀ। ਪੈਸੇ ਚੰਗੇ ਹੁੰਦੇ ਹਨ, ਪਰ ਉਹੀ ਸਭ ਕੁਝ ਨਹੀਂ ਹੈ। ਮੈਂ ਅਜਿਹੇ ਪਰਵਾਰ ਤੋਂ ਹਾਂ, ਜਿੱਥੇ ਖਾਣੇ ਬਾਰੇ ਚਿੰਤਾ ਨਹੀਂ ਰਹੀ। ਮਾਂ ਟੀਚਰ ਅਤੇ ਪਿਤਾ ਮਰਚੈਂਟ ਨੇਵੀ ਵਿੱਚ ਸਨ। ਉਨ੍ਹਾਂ ਨੇ ਹਮੇਸ਼ਾ ਇਹੋ ਕਿਹਾ ਕਿ ਪੈਸਿਆਂ ਨਾਲ ਤੁਸੀਂ ਬਹੁਤ ਕੁਝ ਖਰੀਦ ਸਕਦੇ ਹੋ, ਪਰ ਘਰ ਅਜਿਹੀ ਜਗ੍ਹਾ ਹੁੰਦੀ ਹੈ, ਜਿੱਥੇ ਤੁਸੀਂ ਸਕੂਨ ਨਾਲ ਰਹਿ ਸਕਦੇ ਹੋ। ਆਪਣੀ ਯੋਗਤਾ ਦੇ ਮੁਤਾਬਕ ਅਜਿਹੀਆਂ ਕਹਾਣੀਆਂ ਦਾ ਹਿੱਸਾ ਬਣਨਾ ਚਾਹੁੰਦੀ ਹਾਂ, ਜੋ ਲੋਕਾਂ ਤੱਕ ਪਹੁੰਚਣ।

## ਮੇਰਾ ਸੰਘਰਸ਼ ਚੰਗਾ ਕੰਮ ਲੱਭਣਾ ਹੈ : ਅਨੰਤ ਵਿਢਾਟ



'ਗੁੰਡੇ', 'ਟਾਈਗਰ ਜ਼ਿੰਦਾ ਹੈ' ਅਤੇ 'ਸੁਲਤਾਨ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੇ ਅਭਿਨੇਤਾ ਅਨੰਤ ਵਿਢਾਟ ਨੇ ਵੈੱਬ ਸੀਰੀਜ਼ 'ਪਤੀ ਪਤਨੀ ਔਰ ਵੋਹ' ਨਾਲ ਡਿਜੀਟਲ ਡੈਬਿਊ ਕੀਤਾ ਹੈ। ਐੱਮ ਐਕਸ ਪਲੇਅਰ 'ਤੇ ਰਿਲੀਜ਼ ਇਸ ਹਾਰਰ ਕਾਮੇਡੀ ਵੈੱਬ ਸੀਰੀਜ਼ ਵਿੱਚ ਉਹ ਮੋਹਨ ਦੇ ਕਿਰਦਾਰ ਵਿੱਚ ਹੈ। ਅਭਿਨੇਤਾ ਬਣਨ ਦੇ ਸਫਰ ਤੇ ਆਉਣ ਵਾਲੀਆਂ ਫਿਲਮਾਂ ਬਾਰੇ ਉਸ ਨਾਲ ਗੱਲਬਾਤ ਹੋਈ ਹੈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਇਸ ਹਾਰਰ ਕਾਮੇਡੀ ਵੈੱਬ ਸੀਰੀਜ਼ ਦੇ ਨਾਲ ਤੁਹਾਡਾ ਜੁੜਨਾ ਕਿਵੇਂ ਹੋਇਆ?

-ਬਤੌਰ ਐਕਟਰ ਕੰਮ ਦੀ ਤਲਾਸ਼ ਵਿੱਚ ਕਾਸਟਿੰਗ ਡਾਇਰੈਕਟਰ ਅਤੇ ਡਾਇਰੈਕਟਰਾਂ ਨੂੰ ਮਿਲਣਾ ਸਾਡੇ ਜੀਵਨ ਦਾ ਹਿੱਸਾ ਹੈ। ਇਸੇ ਚੱਕਰ ਵਿੱਚ ਕਰੀਬ ਦੋ ਸਾਲ ਪਹਿਲਾਂ ਮੈਂ ਇਸ ਸ਼ੋਅ ਦੇ ਡਾਇਰੈਕਟਰ ਨਿਸ਼ੀਥ ਨੀਰਵ ਨੀਲਕੰਠ ਨੂੰ ਮਿਲਿਆ। ਉਨ੍ਹਾਂ ਨੇ ਇਸ ਸ਼ੋਅ ਦੀ ਕਹਾਣੀ ਸੁਣਾਈ। ਕਹਾਣੀ ਚੰਗੀ ਲੱਗੀ ਅਤੇ ਮੈਂ ਹਾਂ ਕਹਿ ਦਿੱਤੀ। ਉਸ ਦੇ ਬਾਅਦ ਸਾਲ 2018 ਵਿੱਚ ਦਸੰਬਰ ਮਹੀਨੇ ਵਿੱਚ ਇਸ ਸ਼ੋਅ ਦੀ ਸ਼ੂਟਿੰਗ ਮਥੁਰਾ ਵਿੱਚ ਸ਼ੁਰੂ ਕੀਤੀ ਗਈ।

* ਮਥੁਰਾ ਵਿੱਚ ਸ਼ੂਟਿੰਗ ਕਰਨ ਦਾ ਅਨੁਭਵ ਕਿਹੋ ਜਿਹਾ ਰਿਹਾ?

-ਮਥੁਰਾ ਬਹੁਤ ਅਨੋਖੀ ਜਗ੍ਹਾ ਹੈ। ਮੈਨੂੰ ਅਤੇ ਰੀਆ ਸੇਨ ਨੂੰ ਛੱਡ ਕੇ ਬਾਕੀ ਦੇ ਐਕਟਰਾਂ ਨੇ ਉਥੋਂ ਦੀ ਬੋਲਚਾਲ ਦੀ ਸ਼ੈਲੀ ਸਿੱਖਣ ਲਈ ਕਾਫੀ ਮਿਹਨਤ ਕੀਤੀ। ਡਾਇਰੈਕਟਰ ਨੇ ਸਾਡੀ ਗੱਲਬਾਤ ਦੀ ਸ਼ੈਲੀ ਹਿੰਦੀ ਵਿੱਚ ਮਿਲਦਾ-ਜੁਲਦਾ ਰੱਖੀ ਸੀ।

* ਅਭਿਨੇਤਾ ਬਣਨ ਦਾ ਤੁਹਾਡਾ ਸਫਰ ਕਿਹੋ ਜਿਹਾ ਰਿਹਾ?

-ਮੈਂ ਕਰੀਬ 14 ਸਾਲ ਦੀ ਉਮਰ ਵਿੱਚ ਹੀ ਆਪਣੇ ਪਰਿਵਾਰ ਨੂੰ ਐਕਟਿੰਗ ਵਿੱਚ ਆਪਣੀ ਦਿਲਚਸਪੀ ਬਾਰੇ ਦੱਸ ਦਿੱਤਾ ਸੀ। ਕਾਲਜ ਦੀ ਪੜ੍ਹਾਈ ਖਤਮ ਹੋਣ ਦੇ ਬਾਅਦ ਮੁੰਬਈ ਆ ਕੇ ਸਤੀਸ਼ ਕੌਸ਼ਿਕ ਜੀ ਨਾਲ ਦੋ-ਤਿੰਨ ਸਾਲ ਬਤੌਰ ਅਸਿਸਟੈਂਟ ਡਾਇਰੈਕਟਰ ਕੰਮ ਕੀਤਾ। ਮੈਨੂੰ ਪਹਿਲੀ ਵਾਰ ਫਿਲਮ 'ਗੁੰਡੇ' ਵਿੱਚ ਐਕਟਿੰਗ ਕਰਨ ਦਾ ਮੌਕਾ ਮਿਲਿਆ।

* ਐਕਟਿੰਗ ਦੀ ਟਰੇਨਿੰਗ ਲਈ ਪੋਲੈਂਡ ਜਾਣ ਦੀ ਕੋਈ ਖਾਸ ਵਜ੍ਹਾ ਸੀ?

-ਪੋਲੈਂਡ ਜਾ ਕੇ ਮੈਨੂੰ ਪਤਾ ਲੱਗਾ ਕਿ ਐਕਟਿੰਗ ਸਿਖਾਉਣ ਦੀ ਉਨ੍ਹਾਂ ਦੀ ਲੀਹ ਸਾਡੇ ਦੇਸ਼ ਵਿੱਚ ਭਰਤਮੁਨੀ ਵੱਲੋਂ ਲਿਖੇ ਨਾਟਯ ਸ਼ਾਸਤਰ 'ਤੇ ਆਧਾਰਤ ਹੈ। ਗ੍ਰੋਟੋਵਸਕੀ ਖੁਦ ਭਾਰਤੀ ਕਲਾ ਤੇ ਸੰਸਕ੍ਰਿਤੀ ਤੋਂ ਬਹੁਤ ਜ਼ਿਆਦਾ ਪ੍ਰੇਰਿਤ ਸਨ। ਇੰਸਟੀਚਿਊਟ ਦੇ ਲੋਕਾਂ ਨੇ ਮੈਨੂੰ ਭਾਰਤੀ ਪ੍ਰਾਪੰਰਿਕ ਨਾਟਯ ਕਲਾ ਸਿੱਖਣ ਦੀ ਸਲਾਹ ਦਿੱਤੀ। ਇਥੇ ਆਉਣ ਪਿੱਛੋਂ ਮੈਂ ਕੇਰਲ ਜਾ ਕੇ ਮਸ਼ਹੂਰ ਪ੍ਰਾਚੀਨ ਮਾਰਸ਼ਲ ਆਰਟ ਕਲਿਰਆਪਟੂ ਅਤੇ ਨਾਟਯ ਸ਼ਾਸਤਰ ਦੀ ਟਰੇਨਿੰਗ ਲਈ।

## ਉਮਾ ਦੇਵੀ ਨੂੰ ਟੁਨਟੁਨ ਕਿਸ ਨੇ ਬਣਾਇਆ



ਉਤਰ ਪ੍ਰਦੇਸ਼ ਦੇ ਮਥੁਰਾ ਸ਼ਹਿਰ 'ਚ ਨੌਂ ਸਾਲ ਦੀ ਇੱਕ ਛੋਟੀ ਅਤੇ ਮੋਟੀ ਜਿਹੀ ਲੜਕੀ ਜਦੋਂ ਗਾਣਾ ਗਾਉਂਦੀ ਤਾਂ ਲੋਕ ਹੈਰਾਨ ਹੀ ਨਹੀਂ ਹੁੰਦੇ ਸੀ, ਸਗੋਂ ਵੱਡੇ ਵੱਡੇ ਗਾਇਕ ਕਲਾਕਾਰ ਵੀ ਉਸ ਦੀ ਪ੍ਰਸ਼ੰਸਾ ਕਰਦੇ ਸੀ। ਫਿਲਮੀ ਗੀਤਾਂ ਨੂੰ ਗਾਉਣ ਦਾ ਇਸ ਲੜਕੀ ਨੂੰ ਵਿਸ਼ੇਸ਼ ਸ਼ੌਕ ਸੀ ਤੇ ਉਹ ਸੰਗੀਤਕਾਰ ਨੌਸ਼ਾਦ ਦੇ ਫਿਲਮੀ ਗੀਤ ਹੀ ਜ਼ਿਆਦਾ ਗਾਉਂਦੀ ਸੀ। ਇਸ ਲੜਕੀ ਦਾ ਨਾਂਅ ਉਮਾ ਖੱਤਰੀ ਸੀ। ਪੜ੍ਹਾਈ-ਲਿਖਾਈ ਤੋਂ ਵੱਧ ਉਸ ਦਾ ਮਨ ਗੀਤ ਸੰਗੀਤ ਵਿੱਚ ਲੱਗਦਾ ਸੀ, ਇਸ ਲਈ ਉਮਾ ਸਿਰਫ 13 ਸਾਲ ਦੀ ਉਮਰ 'ਚ ਹੀ ਆਪਣੇ ਇੱਕ ਸੰਬੰਧੀ ਨਾਲ ਮੁੰਬਈ ਆ ਗਈ। ਉਸ ਟੀਚਾ ਸੀ ਨੌਸ਼ਾਦ ਨੂੰ ਮਿਲਣਾ ਤੇ ਉਨ੍ਹਾਂ ਨੂੰ ਆਪਣੀ ਗਾਇਕੀ ਬਾਰੇ ਦੱਸਣਾ। ਨੌਸ਼ਾਦ ਕਾਰਦਾਰ ਸਟੂਡੀਓ 'ਚ ਰਿਕਾਰਡਿੰਗ ਕਰਦੇ ਸੀ। ਚੌਕੀਦਾਰ ਨੇ ਉਮਾ ਨੂੰ ਅੰਦਰ ਨਹੀਂ ਜਾਣ ਦਿੱਤਾ ਅਤੇ ਉਮਾ ਸਾਰਾ ਦਿਨ ਸਟੂਡੀਓ ਦੇ ਬਾਹਰ ਖੜ੍ਹੀ ਰਹੀ। ਆਖਿਰ ਇੱਕ ਦਿਨ ਉਮਾ ਦੀ ਕਿਸਮਤ ਜਾਗੀ, ਜਦੋਂ ਉਹ ਚੌਕੀਦਾਰ ਨਾ ਹੋਣ 'ਤੇ ਖਾਲੀ ਗੇਟ ਦੇਖ ਕੇ ਸਟੂਡੀਓ ਦੇ ਅੰਦਰ ਚਲੀ ਗਈ ਅਤੇ ਨੌਸ਼ਾਦ ਦੇ ਪੈਰ ਛੂਹ ਕੇ ਬੋਲੀ, ''ਮੈਂ ਮਥੁਰਾ ਤੋਂ ਤੁਹਾਨੂੰ ਮਿਲਣ ਆਈ ਹਾਂ ਅਤੇ ਗਾਣਾ ਸੁਣਾਉਣਾ ਚਾਹੁੰਦੀ ਹਾਂ।'' ਨੌਸ਼ਾਦ ਇੰਨੀ ਛੋਟੀ ਲੜਕੀ ਦਾ ਹੌਸਲਾ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੂੰ ਸਮਝਾਉਂਦੇ ਹੋਏ ਬੋਲੇ, ''ਅਜੇ ਤੁਹਾਡੀ ਉਮਰ ਗਾਣਾ ਗਾਉਣ ਦੀ ਨਹੀਂ, ਸਿੱਖਣ ਦੀ ਹੈ, ਇਸ ਲਈ ਮੈਂ ਤੁਹਾਨੂੰ ਅਜੇ ਆਪਣੇ ਕੋਰਸ ਸਿੰਗਰ ਦੇ ਗਰੁੱਪ ਵਿੱਚ ਰੱਖਾਂਗਾ। ਅਜੇ ਤੁਸੀਂ ਗਾਉਣਾ ਸਿੱਖੋ। ਬਾਅਦ ਵਿੱਚ ਦੇਖਦੇ ਹਾਂ।'' ਕੁਝ ਦਿਨਾਂ ਬਾਅਦ ਉਮਾ ਨੂੰ ਫਿਲਮ 'ਦਰਦ' ਦਾ ਗੀਤ ਗਾਉਣ ਦਾ ਮੌਕਾ ਦੇ ਦਿੱਤਾ, ਜਿਸ ਦੇ ਬੋਲ ਸੀ 'ਅਫਸਾਨਾ ਲਿਖ ਰਹੀ ਹੂੰ ਦਿਲ-ਏ-ਬੇਕਰਾਰ ਕਾ...।' ਉਮਾ ਨੇ ਇਹ ਗੀਤ ਆਪਣੀ ਦਰਦ ਭਰੀ ਆਵਾਜ਼ 'ਚ ਇੰਨੇ ਸੁੰਦਰ ਢੰਗ ਨਾਲ ਗਾਇਆ ਕਿ ਫਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਹੀ ਲੋਕਪ੍ਰਿਯ ਹੋ ਗਿਆ। ਲੋਕਪ੍ਰਿਯ ਗਾਇਕਾ ਦੇ ਰੂਪ ਵਿੱਚ ਉਮਾ ਦਾ ਜੀਵਨ ਅਤੇ ਕਰੀਅਰ ਦੋਵੇਂ ਬਹੁਤ ਵਧੀਆ ਚੱਲ ਰਹੇ ਸੀ, ਪਰ ਵਿਆਹ ਅਤੇ ਇੱਕ ਬੇਟੀ ਦੀ ਮਾਂ ਬਣਨ ਦੇ ਬਾਅਦ ਉਸ ਦੇ ਪਤੀਦੇਵ ਫਿਲਮਾਂ 'ਚ ਗਾਣਾ ਗਾਉਣ 'ਤੇ ਇਤਰਾਜ਼ ਕਰਦੇ ਸਨ। ਉਮਾ ਨੇ ਨੌਸ਼ਾਦ ਦੀ ਸਲਾਹ ਲਈ ਤਾਂ ਉਨ੍ਹਾਂ ਨੇ ਸੋਚ ਕੇ ਇੱਕ ਉਪਾਅ ਦੱਸਿਆ ਕਿ ਉਹ ਆਪਣੇ ਡੀਲ-ਡੌਲ ਦੀ ਵਰਤੋਂ ਕਰੇ ਅਤੇ ਫਿਲਮਾਂ 'ਚ ਕਾਮੇਡੀ ਰੋਲ ਕਰੇ। ਨੌਸ਼ਾਦ ਨੇ ਹੀ ਫਿਲਮ 'ਬਾਬੁਲ' ਉਸ ਨੂੰ ਇੱਕ ਰੋਲ ਦਿਵਾ ਦਿੱਤਾ। 'ਬਾਬੁਲ' 'ਚ ਨਿਰਮਾਤਾ ਨੇ ਉਮਾ ਨੂੰ ਕਿਹਾ ਕਿ ਬਤੌਰ ਕਾਮੇਡੀਅਨ ਉਹ ਆਪਣਾ ਨਾਂਅ ਬਦਲ ਲਵੇ। ਉਮਾ ਨੇ ਕਿਹਾ ਕਿ ਉਸ ਦਾ ਨਵਾਂ ਨਾਮਕਰਣ ਵੀ ਨੌਸ਼ਾਦ ਕਰਨਗੇ। ਨੌਸ਼ਾਦ ਦੇ ਇੱਕ ਮਿੱਤਰ ਦੀ ਬੇਟੀ ਦਾ ਟੁਨਟੁਨ ਸੀ ਤੇ ਉਨ੍ਹਾਂ ਨੇ ਉਮਾ ਦਾ ਨਵਾਂ ਨਾਂ ਟੁਨਟੁਨ ਰੱਖ ਦਿੱਤਾ। 'ਬਾਬੁਲ' ਹਿੱਟ ਹੋ ਗਈ ਅਤੇ 'ਬਾਬੁਲ' ਦੇ ਨਾਲ ਹੀ ਇੱਕ ਨਵੀਂ ਔਰਤ ਕਾਮੇਡੀ ਕਲਾਕਾਰ ਦਾ ਜਨਮ ਹੋਇਆ। 20 ਸਾਲਾਂ ਤੋਂ ਵੱਧ ਸਮਾਂ ਟੁਨ-ਟੁਨ ਕਾਮੇਡੀ ਕਲਾਕਾਰ ਵਜੋਂ ਦਰਸ਼ਕਾਂ ਨੂੰ ਖੂਬ ਹਸਾਉਂਦੀ ਰਹੀ, ਪਰ ਉਸ ਦੇ ਅੰਦਰ ਦੀ ਗਾਇਕਾ ਉਮੀ ਦੇਵੀ ਉਸ ਸਮੇਂ ਵੀ ਜੀਵਿਤ ਸੀ। ਉਮਾ ਦੇ ਗੀਤ ਉਸ ਸਮੇਂ ਵੀ ਲੋਕਪ੍ਰਿਯ ਸਨ, ਇਸ ਲਈ ਟੁਨਟੁਨ ਨੇ ਫਿਲਮਾਂ 'ਚ ਕਾਮੇਡੀ ਕਰਨ ਦੇ ਨਾਲ ਆਪਣੇ ਗਾਏ ਲੋਕਪ੍ਰਿਯ ਗੀਤਾਂ ਨੂੰ ਸਟੇਜ ਉਤੇ ਗਾਉਣਾ ਸ਼ੁਰੂ ਕਰ ਦਿੱਤਾ। ਟੁਨਟੁਨ ਨੂੰ ਭੂਮਿਕਾਵਾਂ ਮਿਲਣੀਆਂ ਵੀ ਘੱਟ ਹੋਣ ਲੱਗੀਆਂ ਸੀ। ਇੱਕ ਸਮਾਂ ਅਜਿਹਾ ਆਇਆ ਜਦੋਂ ਉਹ ਸਿਰਫ ਸਟੇਜ 'ਤੇ ਸਿਮਟ ਕੇ ਰਹਿ ਗਈ। ਵਧਦੀ ਉਮਰ ਅਤੇ ਸਰੀਰ ਦੀ ਕਮਜ਼ੋਰੀ ਕਾਰਨ ਟੁਨਟੁਨ ਦਾ ਕਰੀਅਰ ਢਲਦਾ ਰਿਹਾ ਸੀ। ਇੱਕ ਦਿਨ ਉਹ ਸਟੇਜ 'ਤੇ ਗਾਉਂਦੇ ਹੋਏ ਡਿੱਗ ਪਈ ਅਤੇ ਉਸ ਦੇ ਖੱਬੇ ਪੈਰ ਦੀ ਹੱਡੀ ਟੁੱਟ ਗਈ ਤੇ ਉਸ ਨੂੰ ਕਈ ਜਗ੍ਹਾ ਸੱਟਾਂ ਲੱਗੀਆਂ। ਇਲਾਜ 'ਚ ਕਾਫੀ ਪੈਸਾ ਵੀ ਖਤਮ ਹੋ ਗਿਆ ਅਤੇ ਕਰੀਅਰ ਵੀ। ਜੀਵਨ ਦੀ ਇਸ ਤ੍ਰਾਸਦੀ ਦੇ ਨਾਲ ਉਮਾ ਦੇਵੀ ਉਰਫ ਟੁਨਟੁਨ ਇਸ ਸੰਸਾਰ ਤੋਂ ਚਲੀ ਗਈ।



## ਜਿਸ ਬੰਗਲੇ ਤੋਂ ਭਜਾਏ ਗਏ, ਉਥੇ ਰਹਿੰਦੇ ਹਨ ਅਕਸ਼ੈ

ਕਈ ਵਾਰ ਜ਼ਿੰਦਗੀ ਦੀਆਂ ਕੁਝ ਘਟਨਾਵਾਂ ਫਿਲਮ ਦੀ ਕਹਾਣੀ ਵਰਗੀ ਹੁੰਦੀਆਂ ਹਨ। ਅਭਿਨੇਤਾ ਅਕਸ਼ੈ ਕੁਮਾਰ ਦੇ ਘਰ ਦੀ ਕਹਾਣੀ ਵੀ ਅਜਿਹੀ ਹੈ। ਰੀਅਲ ਅਸਟੇਟ ਦੀ ਵੈੱਬਸਾਈਟ 'ਤੇ ਸਾਂਝੇ ਕੀਤੇ ਵੀਡੀਓ ਵਿੱਚ ਉਨ੍ਹਾਂ ਨੇ ਆਪਣੇ ਘਰ ਦੀ ਕਹਾਣੀ ਦੱਸੀ ਹੈ। ਅਕਸ਼ੈ ਮੁਤਾਬਕ 32 ਸਾਲ ਪਹਿਲਾਂ ਉਨ੍ਹਾਂ ਨੂੰ ਇਸੇ ਥਾਂ ਤੋਂ ਭਜਾ ਦਿੱਤਾ ਗਿਆ ਸੀ ਅਤੇ ਅੱਜ ਉਹ ਉਸ ਥਾਂ ਦੇ ਮਾਲਕ ਹਨ। ਉਨ੍ਹਾ ਦੱਸਿਆ ਕਿ ਕਰੀਅਰ ਦੇ ਸ਼ੁਰੂ ਵਿੱਚ ਉਨ੍ਹਾਂ ਦੇ ਕੋਲ ਫੋਟੋਸ਼ੂਟ ਲਈ ਪੈਸੇ ਨਹੀਂ ਸਨ। ਇਸ ਲਈ ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਉਹ ਮਸ਼ਹੂਰ ਫੋਟੋਗਰਾਫਰ ਜਯੇਸ਼ ਦੇ ਅਸਿਸਟੈਂਟ ਵਜੋਂ ਕੰਮ ਕਰਨ ਲੱਗੇ। ਜਦ ਜਯੇਸ਼ ਤਨਖਾਹ ਦੀ ਗੱਲ ਕਰਦੇ, ਉਹ ਕਹਿੰਦੇ ਕਿ ਤੁਸੀਂ ਰੱਖੋ, ਮੈਂ ਕਿਸੇ ਦਿਨ ਲੈ ਲਵਾਂਗਾ। ਦਰਅਸਲ ਉਹ ਆਪਣੇ ਲਈ ਫੋਟੋ ਸ਼ੂਟ ਦੀ ਉਮੀਦ ਕਰ ਰਹੇ ਸਨ।

ਅਕਸ਼ੈ ਮੁਤਾਬਕ ਇੱਕ ਦਿਨ ਮੈਂ ਜਯੇਸ਼ ਨੂੰ ਕਿਹਾ ਕਿ ਤੁਸੀਂ ਮੇਰਾ ਫੋਟੋਸ਼ੂਟ ਕਰ ਸਕਦੇ ਹੋ। ਮੈਨੂੰ ਤਨਖਾਹ ਦੇਣ ਦੀ ਜ਼ਰੂਰਤ ਨਹੀਂ ਹੈ। ਦੋਵੇਂ ਜੂਹੂ ਬੀਚ 'ਤੇ ਫੋਟੋਸ਼ੂਟ ਲਈ ਗਏ। ਉਥੇ ਇੱਕ ਪੁਰਾਣੇ ਬੰਗਲੇ ਦੀ ਬਾਊਂਡਰੀ ਵਾਲ 'ਤੇ ਅਕਸ਼ੈ ਲੇਟ ਗਏ ਅਤੇ ਫੋਟੋਗਰਾਫਰ ਨੇ ਕਲਿਕ ਕਰਨਾ ਸ਼ੁਰੂ ਕਰ ਦਿੱਤਾ। ਤਦ ਉਸ ਬਿਲਡਿੰਗ ਦਾ ਵਾਚਮੈਨ ਆਇਆ ਅਤੇ ਦੋਵਾਂ ਨੂੰ ਭਜਾ ਦਿੱਤਾ। ਤਦ ਤੱਕ ਤਿੰਨ-ਚਾਰ ਫੋਟੋਆਂ ਕਲਿਕ ਕਰ ਚੁੱਕੇ ਸੀ। ਉਨ੍ਹਾਂ ਦੱਸਿਆ, 'ਉਸ ਪੁਰਾਣੇ ਬੰਗਲੇ ਦੀ ਜਗ੍ਹਾ 'ਤੇ ਬਿਲਡਿੰਗ ਬਣੀ ਅਤੇ ਮੈਂ ਉਸੇ ਬਿਲਡਿੰਗ ਵਿੱਚ ਰਹਿੰਦਾ ਹਾਂ।'' ਇਸ ਮੌਕੇ ਉਨ੍ਹਾਂ ਨੇ ਆਪਣੀਆਂ ਦੋ ਫੋਟੋ ਵੀ ਦਿਖਾਈਆਂ। ਇੱਕ ਫੋਟੋ 32 ਸਾਲ ਪੁਰਾਣੀ ਹੈ, ਜਦ ਕਿ ਦੂਸਰੀ ਤਿੰਨ ਸਾਲ ਪੁਰਾਣੀ। ਦੋਵੇਂ ਉਸੇ ਜਗ੍ਹਾ 'ਤੇ ਖਿੱਚੀਆਂ ਗਈਆਂ ਹਨ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ



Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## GF1 Security Jobs - Security Guard Training - Licensing

Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
Canadian Red Cross Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੁਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

